# ਸਵਾਗਤ ਜ਼ਿੰਦਗੀ

## ਤੀਜੀ ਸ਼੍ਰੇਣੀ ਲਈ

P3P2Y5

ਸਮੱਗਰ ਸਿੱਖਿਆ ਅਭਿਆਨ

ਪੜ੍ਹੋ ਸਾਰੇ ਵਧੋ ਸਾਰੇ

ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ


## ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

**ਪਹਿਲਾ ਰਿਵਾਇਜ਼ਡ ਐਡੀਸ਼ਨ 2021 ............ 1,71,000 ਕਾਪੀਆਂ**

All rights, including those of translation, reproduction
and annotation etc., are reserved by the
Punjab Government

**ਚਿਤਾਵਨੀ**

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ ਪਾਠ-ਪੁਸਤਕਾਂ ਤੇ ਜਿਲਦ-ਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਅਲੀ ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਪ੍ਰਕਾਸ਼ਨ, ਸਟਾਕ ਕਰਨਾ, ਜਮ੍ਹਾ-ਖੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ ਪ੍ਰਣਾਲੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ। (ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲੇ ਕਾਗਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

**ਸਮੱਗਰ ਸਿੱਖਿਆ ਅਭਿਆਨ**

**ਪੜ੍ਹੋ ਸਾਰੇ ਵਧੋ ਸਾਰੇ**

**ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ**

**ਇਹ ਪੁਸਤਕ ਵਿਕਰੀ ਲਈ ਨਹੀਂ ਹੈ।**

**ਸਕੱਤਰ**, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062
ਰਾਹੀਂ ਪ੍ਰਕਾਸ਼ਿਤ ਅਤੇ **ਮੈਸ. ਨਾਰਦਨ ਸਟੇਸ਼ਨਰੀ ਮਾਰਟ**, ਜਲੰਧਰ ਰਾਹੀਂ ਛਾਪੀ ਗਈ।

# ਦੋ ਸ਼ਬਦ

ਕੌਮੀ ਪਾਠਕ੍ਰਮ ਖ਼ਾਕਾ (ਐੱਨ. ਸੀ. ਐੱਫ਼.)-2005 ਅਤੇ ਪੰਜਾਬ ਪਾਠਕ੍ਰਮ ਖ਼ਾਕਾ (ਪੀ. ਸੀ. ਐੱਫ਼.)-2013 ਸਕੂਲੀ ਵਿਦਿਆਰਥੀਆਂ ਤੋਂ ਪਾਠਕ੍ਰਮ ਦਾ ਬੋਝ ਘਟਾਉਣ ਦੇ ਹਾਮੀ ਹਨ। ਦੋਵੇਂ ਅਹਿਮ ਦਸਤਾਵੇਜ਼ ਇਸ ਪੱਖ ਨੂੰ ਤਰਜੀਹ ਦਿੰਦੇ ਹਨ ਕਿ ਵਿਦਿਆਰਥੀ ਸਿਰਫ਼ ਜਮਾਤ ਦੇ ਕਮਰੇ ਵਿੱਚ ਪੜ੍ਹਨ ਦੀ ਰਵਾਇਤੀ ਵਿਧੀ ਤੋਂ ਜ਼ਰਾ ਹਟ ਕੇ ਬਾਹਰੀ ਸਿੱਖਿਆ ਅਤੇ ਜਾਣਕਾਰੀ ਦੇ ਜਗਤ ਨਾਲ਼ ਵੀ ਜੁੜੇ। ਇਸ ਤਰ੍ਹਾਂ ਉਹ ਮਹਿਜ਼ ਕਿਤਾਬੀ ਇਲਮ ਤੱਕ ਸੀਮਤ ਨਹੀਂ ਰਹੇਗਾ, ਸਗੋਂ ਉਸ ਦੇ ਸਰਵਪੱਖੀ ਵਿਕਾਸ ਦਾ ਮੌਕਾ ਵੀ ਬਣ ਸਕੇਗਾ।

ਸ੍ਰੀ ਕ੍ਰਿਸ਼ਨ ਕੁਮਾਰ ਆਈ. ਏ. ਐੱਸ., ਸਕੱਤਰ ਸਕੂਲ ਸਿੱਖਿਆ ਵਿਭਾਗ, ਪੰਜਾਬ ਦੀ ਅਗਵਾਈ ਹੇਠ ਸਕੂਲ ਸਿੱਖਿਆ ਦੇ ਸਾਰੇ ਹੀ ਪ੍ਰਬੰਧਾਂ ਵਿੱਚ ਨਵੀਂ ਅਗਾਂਹਵਧੂ ਬਿਰਤੀ ਦੀ ਰੂਹ ਫੂਕੀ ਗਈ ਹੈ, ਜਿਸ ਦੇ ਪਿਛੋਕੜ ਵਿੱਚ ਇਹ ਮਹਿਸੂਸ ਕੀਤਾ ਜਾਣ ਲੱਗਾ ਹੈ ਕਿ ਵਿਦਿਆਰਥੀ ਦੇ ਸਰਵਪੱਖੀ ਵਿਕਾਸ ਵਿੱਚ ਸਭ ਤੋਂ ਵੱਡਾ ਅਤੇ ਅਹਿਮ ਰੋਲ ਉਸ ਦੇ ਨੈਤਿਕ ਵਿਕਾਸ ਦਾ ਹੋ ਸਕਦਾ ਹੈ। ਵਿਸ਼ਵ ਭਰ ਦੇ ਅਜੋਕੇ ਪਦਾਰਥਕ ਅਤੇ ਆਰਥਿਕ ਦੌਰ ਵਿੱਚ ਸਾਡੇ ਵਿਦਿਆਰਥੀ ਨੂੰ ਮੌਜੂਦਾ ਸਿੱਖਿਆ ਪ੍ਰਣਾਲੀ ਚੰਗਾ ਮੁਕਾਬਲੇਬਾਜ਼ ਤਾਂ ਬਣਾ ਰਹੀ ਹੈ, ਪਰ ਉਸ ਵਿੱਚ ਮਨੁੱਖੀ ਕਦਰਾਂ-ਕੀਮਤਾਂ ਪ੍ਰਤੀ ਜਾਗਰੂਕਤਾ ਸ਼ਾਮਿਲ ਕਰਨ ਨਾਲ਼ ਹੀ ਉਸ ਦੇ ਅਸਲੋਂ ਸੱਭਿਅਕ ਹੋਣ ਦਾ ਦਾਅਵਾ ਕੀਤਾ ਜਾ ਸਕਦਾ ਹੈ। ਇਸੇ ਲੋੜ ਨੂੰ ਮੁੱਖ ਰੱਖਦੇ ਹੋਏ ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਹਿਯੋਗ ਨਾਲ਼ ਅਕਾਦਮਿਕ ਸੈਸ਼ਨ 2020-21 ਤੋਂ ਪੰਜਾਬ ਦੇ ਪ੍ਰੀ-ਪ੍ਰਾਇਮਰੀ ਤੋਂ ਬਾਰ੍ਹਵੀਂ ਸ਼੍ਰੇਣੀ ਤੱਕ ਦੇ ਸਾਰੇ ਸਕੂਲੀ ਵਿਦਿਆਰਥੀਆਂ ਲਈ ਮਨੁੱਖੀ ਕਦਰਾਂ-ਕੀਮਤਾਂ ਸਬੰਧੀ ਮਿਆਰੀ ਪਾਠਕ੍ਰਮ ਲਾਗੂ ਕੀਤਾ ਗਿਆ ਹੈ, ਜੋ ਪ੍ਰਯੋਗੀ ਅਤੇ ਮਨੁੱਖੀ ਵਿਹਾਰ-ਕੇਂਦਰਤ ਹੈ। ਇਸ ਦਾ ਉਦੇਸ਼ ਵਿਦਿਆਰਥੀ ਨੂੰ ਸੁਭਾਵਿਕ ਹੀ ਆਪਣੇ ਉੱਚ ਇਖ਼ਲਾਕ ਦੇ ਸਹਾਰੇ ਸਮਾਜ ਦਾ ਮਾਣਮੱਤਾ ਧੁਰਾ ਬਣ ਸਕਣ ਦੀ ਸੋਝੀ ਪ੍ਰਦਾਨ ਕਰਨਾ ਹੈ।

ਇਸ ਅਕਾਦਮਿਕ ਸਾਲ ਤੋਂ ਲਾਗੂ ਕੀਤੇ ਗਏ ਨਵੇਂ ਵਿਸ਼ੇ **'ਸਵਾਗਤ ਜ਼ਿੰਦਗੀ'** ਦੀ ਹੱਥਲੀ ਪਾਠ-ਪੁਸਤਕ ਇਸ ਦੇ ਲੇਖਕਾਂ ਦੀ ਸਖ਼ਤ ਮਿਹਨਤ ਅਤੇ ਸੁਹਿਰਦ ਯਤਨਾਂ ਦਾ ਸਿੱਟਾ ਹੈ, ਜਿਹਨਾਂ ਨੇ ਭਰਪੂਰ ਕੋਸ਼ਿਸ਼ ਕੀਤੀ ਹੈ ਕਿ ਇਹ ਵਿਸ਼ਾ ਵਿਦਿਆਰਥੀ ਦੇ ਬਹੁ-ਮੁਖੀ ਅਤੇ ਸ਼ਖ਼ਸੀ ਵਿਕਾਸ ਲਈ ਆਪਣਾ ਯੋਗਦਾਨ ਪਾ ਸਕੇ। ਯਕੀਨਨ ਹੀ ਇਹ ਪੁਸਤਕ ਨਵੇਂ ਵਿਸ਼ੇ ਰਾਹੀਂ ਵਿਦਿਆਰਥੀ ਨੂੰ ਉੱਚ ਮੁਕਾਬਲੇ ਦੇ ਇਸ ਯੁੱਗ ਦਾ ਹਾਣੀ ਅਤੇ ਸ਼ਾਨਦਾਰ ਸੱਭਿਅਕ ਮਨੁੱਖ ਬਣਾਉਣ ਵਿੱਚ ਸਹਾਈ ਸਿੱਧ ਹੋਵੇਗੀ।

ਪੰਜਾਬ ਸਕੂਲ ਸਿੱਖਿਆ ਬੋਰਡ ਇਸ ਪਾਠ-ਪੁਸਤਕ ਤੇ ਪਾਠਕ੍ਰਮ ਵਿੱਚ ਭਵਿੱਖਤ ਸੁਧਾਰ ਲਈ ਹਰ ਤਰ੍ਹਾਂ ਦੇ ਸੁਝਾਅ ਲਈ ਰਿਣੀ ਰਹੇਗਾ।

**ਚੇਅਰਮੈਨ**

**ਪੰਜਾਬ ਸਕੂਲ ਸਿੱਖਿਆ ਬੋਰਡ**

# ਮੁੱਖ ਬੰਦ

ਆਧੁਨਿਕ ਸਿੱਖਿਆ ਦਾ ਉਦੇਸ਼ ਮਹਿਜ਼ ਕਿਤਾਬੀ ਗਿਆਨ ਪ੍ਰਦਾਨ ਕਰਨਾ ਹੀ ਨਹੀਂ, ਸਗੋਂ ਵਿਦਿਆਰਥੀ ਨੂੰ ਵਧੀਆ ਜੀਵਨ ਜਿਉਣ ਦੇ ਕੌਸ਼ਲ ਸਿਖਾ ਕੇ ਉਸ ਦੀ ਸ਼ਖ਼ਸੀਅਤ ਦਾ ਸਰਵ-ਪੱਖੀ ਵਿਕਾਸ ਕਰਨਾ ਵੀ ਹੈ। ਇੱਕ ਸਿੱਖਿਅਤ ਵਿਦਿਆਰਥੀ ਉੱਤਮ ਜੀਵਨ ਜਾਚ ਵੀ ਜਾਣਦਾ ਹੋਵੇ, ਇਸ ਉਦੇਸ਼ ਦੀ ਪੂਰਤੀ ਲਈ ਪੰਜਾਬ ਸਕੂਲ ਸਿੱਖਿਆ ਬੋਰਡ ਨੇ ਆਪਣੇ ਸਕੂਲੀ ਪਾਠਕ੍ਰਮ ਵਿੱਚ ਸਾਲ 2020-21 ਤੋਂ **'ਸਵਾਗਤ ਜ਼ਿੰਦਗੀ'** ਦਾ ਨਵਾਂ ਵਿਸ਼ਾ ਸ਼ੁਰੂ ਕਰਨ ਦਾ ਨਿਰਣਾ ਕੀਤਾ ਹੈ।

ਇਸ ਪਾਠਕ੍ਰਮ ਦੀ ਮੁਢਲੀ ਵਿਉਂਤਬੰਦੀ ਅਤੇ ਇਸ ਨੂੰ ਪੁਸਤਕ ਰੂਪ ਵਿੱਚ ਪੇਸ਼ ਕਰਨ ਲਈ ਪ੍ਰਾਇਮਰੀ ਪੱਧਰ 'ਤੇ ਬਹੁਤ ਹੀ ਸੁਲਝੇ ਹੋਏ ਅਤੇ ਆਪਣੇ ਵਿਸ਼ੇ ਦੇ ਮਾਹਿਰ ਅਧਿਆਪਕਾਂ ਦੀ ਟੀਮ ਨੂੰ ਇਹ ਜ਼ਿੰਮੇਵਾਰੀ ਸੌਂਪੀ ਗਈ ਸੀ। ਉਹਨਾਂ ਦੁਆਰਾ ਬਹੁਤ ਹੀ ਮਿਹਨਤ, ਗੰਭੀਰਤਾ ਅਤੇ ਮੌਲਿਕਤਾ ਨਾਲ਼ ਇਸ ਕੰਮ ਨੂੰ ਨੇਪਰੇ ਚਾੜ੍ਹਿਆ ਗਿਆ। ਇਸ ਪੁਸਤਕ ਵਿਚਲੇ ਵਿਸ਼ਾ-ਵਸਤੂ ਨੂੰ ਤਿਆਰ ਕਰਦਿਆਂ ਬੱਚਿਆਂ ਦੇ ਬੌਧਿਕ ਪੱਧਰ ਅਤੇ ਮਨੋ-ਵਿਗਿਆਨਕ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ। ਸਮੁੱਚੀ ਪੁਸਤਕ ਸਚਿੱਤਰ ਅਤੇ ਗਤੀਵਿਧੀ ਅਧਾਰਿਤ ਹੈ। ਬੱਚੇ ਇਸ ਪੁਸਤਕ ਵਿੱਚੋਂ ਰਵਾਇਤੀ ਕਿਤਾਬ ਦੀ ਤਰ੍ਹਾਂ ਨਹੀਂ, ਸਗੋਂ ਕਿਰਿਆਵਾਂ ਕਰਦੇ ਹੋਏ ਆਪ ਸਿੱਖਣਗੇ।

ਪੰਜਾਬ ਸਕੂਲ ਸਿੱਖਿਆ ਬੋਰਡ ਇਸ ਪੁਸਤਕ ਦੀ ਰਚਨਾ ਕਮੇਟੀ ਦਾ ਤਹਿ-ਦਿਲੋਂ ਧੰਨਵਾਦੀ ਹੈ, ਜਿਹਨਾਂ ਨੇ ਆਪਣੇ ਬਹੁਮੁੱਲੇ ਤਜ਼ਰਬਿਆ ਨੂੰ ਪੁਸਤਕ ਰੂਪ ਵਿੱਚ ਸੰਜੋਅ ਕੇ ਵਿਦਿਆਰਥੀਆਂ ਲਈ ਇੱਕ ਅਨਮੋਲ ਤੋਹਫ਼ਾ ਤਿਆਰ ਕੀਤਾ ਹੈ।

**ਡਾ. ਦਵਿੰਦਰ ਸਿੰਘ ਬੋਹਾ,**
**ਸਟੇਟ ਕੋਆਰਡੀਨੇਟਰ**
ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ

# ਪਾਠ-ਪੁਸਤਕ ਰਚਨਾ ਕਮੇਟੀ

**ਵਿਸ਼ਾ-ਮੂਲਕ ਅਗਵਾਈ:**

- ਡਾ.ਦਵਿੰਦਰ ਸਿੰਘ ਬੋਹਾ, ਸਟੇਟ ਕੋਆਰਡੀਨੇਟਰ , ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ

**ਲੇਖਣ ਅਤੇ ਪਰੂਫ਼ ਰੀਡਿੰਗ:**

- ਡਾ. ਪੁਸ਼ਵਿੰਦਰ ਕੌਰ, ਲੈਕਚਰਾਰ ਪੰਜਾਬੀ, ਸ.ਸ.ਸ.ਸ. ਮਲਟੀਪਰਪਜ਼ , ਪਟਿਆਲਾ
- ਡਾ. ਚਰਨ ਪੁਸ਼ਪਿੰਦਰ ਸਿੰਘ, ਲੈਕਚਰਾਰ ਪੰਜਾਬੀ, ਸ.ਸ.ਸ.ਸ. ਬਸੀ ਕਲਾਂ, ਹੁਸ਼ਿਆਰਪੁਰ
- ਮਦਨ ਵੀਰਾ, ਪੰਜਾਬੀ ਮਾਸਟਰ, ਸ.ਸ.ਸ.ਸ. ਚੋਹਾਲ, ਹੁਸ਼ਿਆਰਪੁਰ
- ਸਤਪਾਲ ਭੀਖੀ, ਈ.ਟੀ.ਟੀ., ਸ.ਪ੍ਰ.ਸ. ਅਸਰਪੁਰ, ਬਲਾਕ ਭੁੱਨਰਹੇੜੀ-2, ਪਟਿਆਲਾ
- ਮਨਜੀਤ ਪੁਰੀ, ਲੈਕਚਰਾਰ ਪੰਜਾਬੀ, ਸ.ਸ.ਸ.ਸ. ਖੋਖਰ, ਸ੍ਰੀ ਮੁਕਤਸਰ ਸਾਹਿਬ
- ਡਾ. ਸ਼ਮਸ਼ੇਰ ਮੋਹੀ, ਪੰਜਾਬੀ ਮਾਸਟਰ, ਸ.ਸ.ਸ.ਸ. ਭੂੰਗਾ, ਹੁਸ਼ਿਆਰਪੁਰ
- ਗੁਰਪ੍ਰੀਤ, ਪੰਜਾਬੀ ਮਾਸਟਰ, ਸ.ਸ.ਸ.ਸ. ਮਾਨਸਾ (ਮੁੰਡੇ), ਮਾਨਸਾ
- ਪਰਗਟ ਸਿੰਘ ਸਤੌਜ, ਡੀ.ਪੀ.ਈ., ਸ.ਹ.ਸ. ਉਗਰਾਹਾਂ, ਸੰਗਰੂਰ
- ਤਰਸੇਮ, ਹਿੰਦੀ ਮਾਸਟਰ, ਸ.ਸ.ਸ.ਸ. ਖੁੱਡੀ ਕਲਾਂ, ਬਰਨਾਲਾ
- ਅਵਤਾਰ ਸਿੰਘ, ਪੰਜਾਬੀ ਮਾਸਟਰ, ਸ.ਮਿ.ਸ. ਦੇਧਨਾ, ਪਟਿਆਲਾ
- ਨੀਲਮ ਕੁਮਾਰੀ, ਸਾਇੰਸ ਮਿਸਟ੍ਰੈੱਸ, ਸ.ਹ.ਸ. ਬ੍ਰਾਹਮਣ ਮਾਜਰਾ, ਫ਼ਤਿਹਗੜ੍ਹ ਸਾਹਿਬ
- ਡਾ.ਲਖਵਿੰਦਰ ਕੌਰ, ਪੰਜਾਬੀ ਮਿਸਟ੍ਰੈੱਸ, ਸ.ਮਿ.ਸ. ਘੁਟੀਂਡ, ਫ਼ਤਿਹਗੜ੍ਹ ਸਾਹਿਬ
- ਸੁਖਵਿੰਦਰ ਕੌਰ, ਪੰਜਾਬੀ ਮਿਸਟ੍ਰੈੱਸ, ਸ.ਹ.ਸ. ਫ਼ਤਿਹਪੁਰ ਰਾਜਪੂਤਾਂ, ਪਟਿਆਲਾ

**ਚਿੱਤਰ ਅਤੇ ਗ੍ਰਾਫਿਕਸ:**

- ਸੁਖਵੀਰ ਸਰਵਾਰਾ, ਆਰਟ ਅਤੇ ਕਰਾਫਟ ਅਧਿਆਪਕ, ਸ.ਮ.ਸੀ.ਸੈ.ਸ., ਪਟਿਆਲਾ

**ਕਵਰ ਚਿੱਤਰ :**


- ਅਮਨਜੋਤ ਕੌਰ (ਅ/ਕ ਟੀਚਰ) ਸਰਕਾਰੀ ਮਿਡਲ ਸਕੂਲ, ਭੇਡਪੁਰਾ, ਜ਼ਿਲ੍ਹਾ ਪਟਿਆਲਾ

# ਤਤਕਰਾ


| ਲੜੀ ਨੰ: | ਪਾਠ ਦਾ ਨਾਮ | ਪੰਨਾ ਨੰ: |
|---|---|---|
| 1. | **ਸਾਡਾ ਭੋਜਨ ਅਤੇ ਪਾਣੀ**<br>(ੳ) ਸਾਫ਼-ਸੁਥਰਾ ਭੋਜਨ ਖਾਈਏ<br>(ਅ) ਮੱਖੀਆਂ<br>(ੲ) ਪਾਣੀ ਗੰਦਾ ਕਿਵੇਂ ਹੋ ਜਾਂਦਾ ਹੈ ?<br>(ਸ) ਪਾਣੀ ਕਿਤੇ ਮੁੱਕ ਨਾ ਜਾਵੇ | 1-12 |
| 2. | **ਇਮਾਨਦਾਰ ਬਣੋ**<br>(ੳ) ਚਿੱਤਰ-ਕਥਾ<br>(ਅ) ਇਮਾਨਦਾਰੀ<br>(ੲ) ਲੱਕੜਹਾਰਾ<br>(ਸ) ਸ਼ਾਬਾਸ਼ ਅਬਦੁਲ ! | 13-20 |
| 3. | **ਅਸੀਂ ਸਭ ਬਰਾਬਰ**<br>(ੳ) ਪੁੱਤ ਹੋਵੇ ਜਾਂ ਧੀ, ਬਰਾਬਰ ਸਾਰੇ ਜੀਅ<br>(ਅ) ਕੰਮ ਬਰਾਬਰ ਕਰੀਏ<br>(ੲ) ਇੱਕੋ ਬਾਗ਼ ਦੇ ਫੁੱਲ | 21-27 |
| 4. | **ਕਰੀਏ ਪਿਆਰ, ਬਣੀਏ ਵਫ਼ਾਦਾਰ**<br>(ੳ) ਮੇਰੇ ਦਰਿਆ ਖੇਤ ਪਹਾੜ<br>(ਅ) ਆਪਣੇ ਦੇਸ ਦੇ ਮਹਾਨ ਲੋਕਾਂ ਬਾਰੇ<br>(ੲ) ਪਿਆਰ ਹੋਣਾ ਚਾਹੀਦੈ | 28-33 |
| 5. | **ਰੁੱਖਾਂ ਨਾਲ਼ ਪਿਆਰ**<br>(ੳ) ਆਓ ਰੁੱਖਾਂ ਨੂੰ ਮਿਲੀਏ<br>(ਅ) ਰੁੱਖਾਂ ਨਾਲ਼ ਦੋਸਤੀ<br>(ੲ) ਰੁੱਖ ਲਗਾਓ, ਆਪਣੇ ਆਪ ਨੂੰ ਬਚਾਓ | 34-39 |
| 6. | **ਸਬਰ ਸੰਤੋਖ**<br>(ੳ) ਸਭ ਨਾਲ਼ੋਂ ਵੱਡਾ ਅਹੁਦਾ<br>(ਅ) ਸੰਤੋਖੀ ਅਤੇ ਲੋਭੀ ਦਾ ਫ਼ਰਕ<br>(ੲ) ਕੁੱਝ ਦੋਹੇ | 40-44 |
| 7. | **ਚੰਗਾ ਬੋਲੀਏ, ਮਿੱਤਰ ਬਣਾਈਏ**<br>(ੳ) ਸਕੂਲ ਵਿੱਚ ਦੋਸਤਾਂ ਨੂੰ ਬੁਲਾਉਣ ਦਾ ਢੰਗ<br>(ਅ) ਭੈਣ-ਭਰਾ ਨੂੰ ਕਿਵੇਂ ਸੰਬੋਧਨ ਕਰਨਾ ਹੈ ?<br>(ੲ) ਪਿਆਰ ਨਾਲ਼ ਬੋਲਿਆਂ ਕੀ ਮਿਲਦਾ ਹੈ ? | 45-48 |
| 8. | **ਆਓ ਸੜਕ 'ਤੇ ਤੁਰੀਏ**<br>(ੳ) ਟ੍ਰੈਫਿਕ ਚਿੰਨ੍ਹ<br>(ਅ) ਕਿਹੜੇ ਹੱਥ ਤੁਰਨਾ ਚਾਹੀਦਾ ਹੈ ?<br>(ੲ) ਸੜਕ ਕਿਵੇਂ ਪਾਰ ਕਰਨੀ ਹੈ ? | 49-52 |
| 9. | **ਆਓ ਕਿਤਾਬਾਂ ਪੜ੍ਹੀਏ**<br>(ੳ) ਸੰਦੇਸ਼<br>(ਅ) ਆਓ ਕਹਾਣੀ ਪੜ੍ਹੀਏ<br>(ੲ) ਕਵਿਤਾ ਦੇ ਨਾਲ਼-ਨਾਲ਼ | 53-58 |

# ਪਾਠ 1 ਸਾਡਾ ਭੋਜਨ ਅਤੇ ਪਾਣੀ

## (ੳ) ਸਾਫ਼-ਸੁਥਰਾ ਭੋਜਨ ਖਾਈਏ



ਸਕੂਲ ਨਹੀਂ ਆਇਆ ਅਵਤਾਰ ;
ਅੱਜ ਦਿਨ ਹੋ ਗਏ ਪੂਰੇ ਚਾਰ
ਪਤਾ ਕਰੋ ਕੀ ਹੋਈ ਗੱਲ ?
ਕੌਣ ਰਹਿੰਦਾ ਹੈ ਉਸਦੇ ਵੱਲ?



ਮਾਸਟਰ ਜੀ ਉਹ ਪਿਆ ਬਿਮਾਰ;
ਦਸਤ, ਉਲਟੀਆਂ, ਨਾਲ਼ ਬੁਖ਼ਾਰ



ਪੱਕੀ ਗੱਲ ਹੈ ਇਹ ਜਨਾਬ;
ਭੋਜਨ ਖਾਧਾ ਹੋਊ ਖ਼ਰਾਬ

ਬੱਚਿਓ, ਸਾਨੂੰ ਹਮੇਸ਼ਾ ਸਾਫ਼-ਸੁਥਰਾ ਭੋਜਨ ਖਾਣਾ ਚਾਹੀਦਾ ਹੈ ਨਹੀਂ ਤਾਂ ਅਸੀਂ ਵੀ ਅਵਤਾਰ ਵਾਂਗ ਬਿਮਾਰ ਪੈ ਸਕਦੇ ਹਾਂ ਆਓ, ਜਾਣਦੇ ਹਾਂ ਭੋਜਨ ਖ਼ਰਾਬ ਕਿਵੇਂ ਹੋ ਜਾਂਦਾ ਹੈ



### ਚਰਚਾ (ਅਧਿਆਪਕ ਵੱਲੋਂ ਖੁੱਲ੍ਹੀ ਗੱਲਬਾਤ )

* ਇਹਨਾਂ ਤਸਵੀਰਾਂ ਨੂੰ ਦੇਖ ਕੇ ਕੀ ਲੱਗ ਰਿਹਾ ਹੈ ?
* ਕੀ ਤੁਸੀਂ ਘਰ ਵਿੱਚ ਇਸ ਤਰ੍ਹਾਂ ਹੁੰਦਾ ਦੇਖਿਆ ਹੈ ?
* ਕੀ ਤੁਹਾਨੂੰ ਪਤਾ ਹੈ ਇਹ ਕਿਵੇਂ ਹੁੰਦਾ ਹੈ ?
* ਜੇਕਰ ਇਸ ਤਰ੍ਹਾਂ ਦਾ ਖ਼ਰਾਬ ਭੋਜਨ ਅਸੀਂ ਖਾ ਲਈਏ ਤਾਂ ਕੀ ਹੋਵੇਗਾ ?

## ਕਿਰਿਆ 1: ਘਰ ਵਿੱਚ ਖਾਣ-ਪੀਣ ਦੀਆਂ ਕਿਹੜੀਆਂ ਚੀਜ਼ਾਂ ਖ਼ਰਾਬ ਹੋ ਜਾਂਦੀਆਂ ਹਨ ?

| | |
|---|---|
| 1 ਦੁੱਧ | 5......... |
| 2......... | 6......... |
| 3......... | 7......... |
| 4......... | 8......... |

**ਅਧਿਆਪਕ ਲਈ**

ਬੱਚਿਆਂ ਨੂੰ ਸੂਚੀ ਪੂਰੀ ਕਰਨ ਲਈ ਸਹਿਯੋਗ ਕਰੋ ਤੇ ਪੁੱਛੋ ਕਿ ਗਰਮੀ,ਸਰਦੀ ਦੇ ਮੌਸਮ ਲਈ ਕੀ ਇਹ ਸੂਚੀ ਇਸ ਤਰ੍ਹਾਂ ਹੀ ਰਹੇਗੀ ?

### ਭੋਜਨ ਖ਼ਰਾਬ ਹੈ ਇਹ ਕਿਵੇਂ ਪਤਾ ਲੱਗਦਾ ਹੈ ?

- ਗੰਧ ਤੋਂ
- ਰੰਗ ਵਿੱਚ ਤਬਦੀਲੀ ਤੋਂ
- ਸਵਾਦ ਤੋਂ
- ਪੈਕੇਟ ਡੱਬਾ ਬੰਦ ਭੋਜਨ ਦੇ ਉੱਪਰ ਲਿਖੀ ਮਿਤੀ ਤੋਂ

### ਭੋਜਨ ਖ਼ਰਾਬ ਕਿਵੇਂ ਹੁੰਦਾ ਹੈ ?






ਖ਼ਰਾਬ ਭੋਜਨ ਖਾਣ ਨਾਲ਼ ਕੀ ਹੁੰਦਾ ਹੈ ?

**ਅਸੀਂ ਬਿਮਾਰ ਹੋ ਜਾਂਦੇ ਹਾਂ**

- ਪੇਟ-ਦਰਦ
- ਉਲਟੀ
- ਦਸਤ
- ਪੇਚਸ



**ਧਿਆਨ ਰੱਖੋ :** ਖ਼ਰਾਬ ਭੋਜਨ ਕਦੇ ਨਾ ਖਾਓ।

- ਭੋਜਨ ਨੂੰ ਢਕ ਕੇ ਰੱਖੋ।
- ਦੁੱਧ ਨੂੰ ਉਬਾਲ ਕੇ ਠੰਢਾ ਕਰ ਲਓ।
- ਭੋਜਨ ਨੂੰ ਫ਼ਰਿੱਜ਼ ਵਿਚ ਰੱਖ ਕੇ ਵੀ ਖ਼ਰਾਬ ਹੋਣ ਤੋਂ ਬਚਾਇਆ ਜਾ ਸਕਦਾ ਹੈ।

**ਪ੍ਰਯੋਗੀ ਕਿਰਿਆ : -**


**ਬ੍ਰੈੱਡ ਨੂੰ ਉੱਲੀ ਕਿਵੇਂ ਲੱਗ ਜਾਂਦੀ ਹੈ ?**

ਇੱਕ ਬ੍ਰੈੱਡ ਦੇ ਟੁਕੜੇ ਨੂੰ ਥੋੜ੍ਹਾ ਗਿੱਲਾ ਕਰਕੇ ਬੰਦ ਡੱਬੇ ਵਿੱਚ ਕੁਝ ਦਿਨ ਰੱਖਦੇ ਹਾਂ ਕੁਝ ਦਿਨ ਬਾਅਦ ਦੇਖਾਂਗੇ ਕੀ ਹੁੰਦਾ ਹੈ ?



## ਮੌਖਿਕ ਪ੍ਰਸ਼ਨ

1. ਬਜ਼ਾਰ ਦਾ ਡੱਬਾ ਬੰਦ/ਪੈਕੇਟ ਬੰਦ ਭੋਜਨ ਖ਼ਰਾਬ ਨਾ ਹੋਵੇ ਇਹ ਚੈੱਕ ਕਰਨ ਲਈ ਕੀ ਦੇਖੋਗੇ ?
   (ੳ) ਪੈਕੇਟ ਦਾ ਰੰਗ
   (ਅ) ਪੈਕੇਟ/ਡੱਬੇ ਦਾ ਸਾਈਜ਼
   (ੲ) ਪੈਕੇਟ ਤੇ ਲਿਖੀ ਮਿਤੀ
   (ਸ) ਇਹ ਸਾਰਾ ਕੁਝ
2. ਅੱਜ ਸੁਖਮਨ ਨੇ ਟਿਫ਼ਿਨ ਖੋਲ੍ਹਦੇ ਹੀ ਕਿਹਾ, "ਅੱਜ ਤਾਂ ਲੱਗਦਾ ਸਬਜ਼ੀ ਖ਼ਰਾਬ ਹੋ ਗਈ।" ਦੱਸੋ ਸੁਖਮਨ ਨੂੰ ਕਿਵੇਂ ਪਤਾ ਲੱਗਿਆ ਕਿ ਸਬਜ਼ੀ ਖ਼ਰਾਬ ਹੋ ਗਈ ?
   (ੳ) ਦੇਖ ਕੇ
   (ਅ) ਗੰਧ ਤੋਂ
   (ੲ) ਰੰਗ ਤੋਂ
   (ਸ) ਸੁਆਦ ਤੋਂ



**ਆਓ ਦੇਖਦੇ ਹਾਂ ਬ੍ਰੈੱਡ ਦੇ ਟੁਕੜੇ ਦਾ ਕੀ ਬਣਿਆ ....**

**ਤੁਸੀਂ ਕੀ ਦੇਖਿਆ : ???**

..................................................

..................................................

..................................................

..................................................

..................................................

..................................................

## (ਅ) ਮੱਖੀਆਂ

ਬੱਚਿਓ, ਤੁਸੀਂ ਭੋਜਨ ਗੰਦਾ ਹੋਣ ਦੇ ਕਾਰਨਾਂ ਬਾਰੇ ਪਹਿਲਾਂ ਹੀ ਜਾਣ ਚੁੱਕੇ ਹੋ।
ਕੀ ਤੁਸੀਂ ਦੱਸ ਸਕਦੇ ਹੋ ਕਿ ਉਹ ਕਾਰਨ ਕਿਹੜੇ ਹਨ ?
ਭੋਜਨ ਗੰਦਾ ਹੋਣ ਦਾ ਇੱਕ ਕਾਰਨ ਹੋਰ ਵੀ ਹੈ ਮੱਖੀਆਂ।


ਮੱਖੀਆਂ ਮੱਖੀਆਂ
ਦੇਖੋ ਮੱਖੀਆਂ
ਭਿਣ-ਭਿਣ ਕਰਦੀਆਂ ਆਈਆਂ ਮੱਖੀਆਂ
ਬਹਿ ਗਈਆਂ ਰੋਟੀ 'ਤੇ ਆ
ਰਹਿਣ ਦੇ ਹੁਣ ਇਸ ਨੂੰ ਨਾ ਖਾ
ਲੱਤਾਂ ਨੂੰ ਇਨ੍ਹਾਂ ਦੇ ਲੱਗਿਆ ਮਲ਼
ਦਿਸਦਾ ਨਹੀਂ ਪਰ ਸੱਚੀ ਗੱਲ
ਬਿਮਾਰ ਹੋਵੇਂਗਾ
ਫਿਰ ਰੋਵੇਂਗਾ
ਸਮਝ ਜਾ
ਬੱਸ ਹੁਣ ਨਾ ਖਾ।



ਮਨੁੱਖ ਅਤੇ ਜਾਨਵਰਾਂ ਦੇ ਮਲ ਵਿਚ ਬਿਮਾਰੀਆਂ ਫੈਲਾਉਣ ਵਾਲ਼ੇ ਸੂਖ਼ਮ ਜੀਵ ਹੁੰਦੇ ਹਨ ਕਿ ਵੱਖ-ਵੱਖ ਢੰਗਾਂ ਨਾਲ਼ ਸਾਡੇ ਭੋਜਨ ਤੱਕ ਪਹੁੰਚ ਜਾਂਦੇ ਹਨ - ਗੰਦਾ ਪਾਣੀ, ਹਵਾਂ, ਮੱਖੀਆਂ, ਕੱਚੇ ਭੋਜਨ (ਅਨਾਜ, ਸਬਜ਼ੀਆਂ, ਫਲ਼ ਆਦਿ।

ਕੀ ਤੁਹਾਨੂੰ ਪਤਾ ਹੈ ਇਹ ਬਿਮਾਰੀਆਂ ਫੈਲਾਉਣ ਵਾਲ਼ੇ ਸੂਖ਼ਮ ਜੀਵ ਸਾਡੇ ਭੋਜਨ ਤੱਕ ਕਿਸ ਤਰ੍ਹਾਂ ਪਹੁੰਚ ਜਾਂਦੇ ਹਨ ?

**ਆਓ ਜਾਣਦੇ ਹਾਂ**



## ਕਿਰਿਆ 1


ਬੱਚਿਓ, ਮੱਖੀਆਂ ਅਤੇ ਉਪਰੋਕਤ ਤਸਵੀਰ ਵਿੱਚ ਦਰਸਾਏ ਭੋਜਨ ਦੇ ਦੂਸ਼ਿਤ ਹੋਣ ਦੇ ਹੋਰ ਕਾਰਨਾਂ ਦੇ ਹੱਲ ਵਜੋਂ ਕੁਝ ਤਸਵੀਰਾਂ ਹੇਠਾਂ ਦਿੱਤੀਆਂ ਗਈਆਂ ਹਨ। ਉਨ੍ਹਾਂ ਤਸਵੀਰਾਂ ਨੂੰ ਦੇਖ ਕੇ ਢੁਕਵੇਂ ਹੱਲ ਆਪਣੇ ਸ਼ਬਦਾਂ ਵਿੱਚ ਲਿਖੋ।



..................................................................



..................................................................



..................................................................



..................................................................

## ਕਿਰਿਆ 2

ਉਪਰੋਕਤ ਜਾਣਕਾਰੀ ਦੇ ਅਧਾਰ 'ਤੇ ਯਾਦ ਰੱਖਣਯੋਗ ਗੱਲਾਂ ਦੀ ਇੱਕ ਸੂਚੀ ਤਿਆਰ ਕਰੋ :

1. ..................................................................................................................................................

2. ..................................................................................................................................................

3. ..................................................................................................................................................

4. ..................................................................................................................................................

5. ..................................................................................................................................................

### ਆਓ ਸਮਝ ਪਰਖੀਏ:

1. ਉਪਰੋਕਤ ਜਾਣਕਾਰੀ ਅਨੁਸਾਰ ਭੋਜਨ ਦੇ ਗੰਦਾ ਹੋਣ ਦਾ ਮੁੱਖ ਕਾਰਨ ਕੀ ਹੈ ?

ੳ) ਖੁੱਲ੍ਹੇ ਵਿੱਚ ਕੀਤਾ ਮਲ਼     ਅ) ਮੱਖੀਆਂ

ੲ) ਪਾਣੀ     ਸ) ਪੌਦੇ

2. ਭੋਜਨ ਨੂੰ ਮੱਖੀਆਂ ਤੋਂ ਬਚਾਉਣ ਲਈ ਕੀ ਕਰਨਾ ਚਾਹੀਦਾ ਹੈ ?

ੳ) ਮੱਖੀਆਂ ਨੂੰ ਮਾਰਨਾ ਚਾਹੀਦਾ ਹੈ     ਅ ) ਭੋਜਨ ਨੂੰ ਢਕ ਕੇ ਰੱਖਣਾ ਚਾਹੀਦਾ ਹੈ

ੲ) ਮਲ਼ ਪਖ਼ਾਨੇ ਵਿੱਚ ਕਰਨਾ ਚਾਹੀਦਾ ਹੈ     ਸ) 'ਅ' ਅਤੇ 'ੲ' ਦੋਵੇਂ

## (ੲ) ਪਾਣੀ ਗੰਦਾ ਕਿਵੇਂ ਹੋ ਜਾਂਦਾ ਹੈ



ਅੱਜ ਪਾਣੀ ਦਾ ਸੁਆਦ ਕੁਝ ਅਲੱਗ ਜਿਹਾ ਲੱਗ ਰਿਹਾ ਹੈ, ਪਰ ਕਿਉਂ?



ਹਾਂ ਮੈਨੂੰ ਵੀ ਇਸ ਤਰ੍ਹਾਂ ਹੀ ਲੱਗ ਰਿਹਾ ਹੈ .....



ਲੱਗਦਾ ਹੈ ਟੈਂਕੀ ਕਈ ਦਿਨਾਂ ਤੋਂ ਸਾਫ਼ ਨਹੀਂ ਕੀਤੀ ਗਈ ਜਾਂ ਕੋਈ ਹੋਰ ਕਾਰਨ ਹੈ ....



ਚੱਲ ਮੈਡਮ ਜੀ ਕੋਲੋਂ ਪੁੱਛਦੇ ਹਾਂ ....



ਮੈਡਮ ਜੀ, ਅੱਜ ਪਾਣੀ ਦਾ ਸੁਆਦ ਅਜੀਬ ਜਿਹਾ ਲੱਗ ਰਿਹਾ ਹੈ।

ਅੱਛਾ ਚਲੋ ਦੇਖਦੇ ਹਾਂ ...........
ਕਿਤੇ ਟੈਂਕੀ ਦਾ ਢੱਕਣ ਤਾਂ ਖੁੱਲ੍ਹਾ ਨਹੀਂ ; ਇਹ ਤਾਂ ਬੰਦ ਹੈ ਫਿਰ ਕੀ ਗੱਲ ; ਢੱਕਣ ਖੋਲ੍ਹ ਕੇ ਦੇਖਦੇ ਹਾਂ; ਪਾਣੀ ਕੁਝ ਗੰਧਲਾ ਜਿਹਾ ਲੱਗ ਰਿਹਾ ਹੈ; ਪਾਈਪ ਚੈੱਕ ਕਰਦੇ ਹਾਂ ਕਿਤੇ ਫਟਿਆ ਨਾ ਹੋਵੇ ?











**ਅਧਿਆਪਕ :** ਕੀ ਤੁਹਾਨੂੰ ਪਤਾ ਹੈ ਬੱਚਿਓ ਕਿ ਪਾਣੀ ਹੋਰ ਵੀ ਕਈ ਕਾਰਨਾਂ ਕਰਕੇ ਗੰਦਾ ਹੋ ਜਾਂਦਾ ਹੈ ਜਿਵੇਂ:

- ਪਾਣੀ ਨੂੰ ਢਕ ਕੇ ਨਾ ਰੱਖਣਾ।
- ਪਾਣੀ ਵਿੱਚ ਗੰਦੇ ਹੱਥ ਪਾਉਣਾ ਪਾਣੀ ਵਿੱਚ ਗੰਦਗੀ ਕੂੜਾ-ਕਰਕਟ ਸੁੱਟਣਾ।
- ਨਦੀਆਂ, ਤਲਾਅ ਆਦਿ ਦੇ ਨੇੜੇ ਮਲ਼-ਮੂਤਰ ਕਰਨਾ ਅਤੇ ਪਸ਼ੂਆਂ ਨੂੰ ਨੁਹਾਉਣਾ।
- ਫੈਕਟਰੀਆਂ ਦਾ ਗੰਦਾ, ਰਸਾਇਣਾਂ ਵਾਲਾ ਪਾਣੀ ਦਰਿਆਵਾਂ ਵਿੱਚ ਮਿਲਣ ਕਾਰਨ।

**ਕਿਰਿਆ 1:** ਅਮਿਤ ਅਧਿਆਪਕ ਵੱਲੋਂ ਦਿੱਤੇ ਘਰ ਦੇ ਕੰਮ ਬਾਰੇ ਆਪਣੇ ਦਾਦਾ ਜੀ ਨਾਲ਼ ਗੱਲਬਾਤ ਕਰ ਰਿਹਾ ਹੈ। ਦਾਦਾ ਜੀ ਦੀ ਸਲਾਹ ਨਾਲ਼ ਇਕੱਠੀ ਕੀਤੀ ਗਈ ਸੂਚਨਾ ਉਸ ਨੇ ਹੇਠਾਂ ਦਿੱਤੀ ਸਾਰਣੀ ਵਿੱਚ ਭਰਨੀ ਹੈ। ਤੁਹਾਨੂੰ ਕੀ ਲੱਗਦਾ ਹੈ ਦਾਦਾ ਜੀ ਨੇ ਉਸ ਨੂੰ ਕੀ ਦੱਸਿਆ ਹੋਵੇਗਾ ?

| ਲੜੀ ਨੰਬਰ | ਪਾਣੀ ਦੇ ਸਰੋਤਾਂ ਦਾ ਨਾਂ | ਗੰਦਾ ਹੋਣ ਦੇ ਕਾਰਨ |
|---|---|---|
| | | |
| | | |
| | | |
| | | |

ਕਿਰਿਆ 2: ਅਧਿਆਪਕ ਦੁਆਰਾ ਦੱਸੇ ਗਏ ਪਾਣੀ ਦੇ ਗੰਦਾ ਹੋਣ ਦੇ ਕਾਰਨਾਂ ਦੇ ਆਧਾਰ 'ਤੇ ਦੱਸੋ ਕਿ ਤੁਸੀਂ ਪਾਣੀ ਨੂੰ ਗੰਦਾ ਹੋਣ ਤੋਂ ਬਚਾਉਣ ਲਈ ਕੀ ਕਰ ਸਕਦੇ ਹੋ ?


1 ..........................................................................................................................

2 ..........................................................................................................................

3 ..........................................................................................................................

4 ..........................................................................................................................

❖ ਸਾਨੂੰ ਗੰਦਾ ਪਾਣੀ ਨਹੀਂ ਪੀਣਾ ਚਾਹੀਦਾ ਕਿਉਂਕਿ ਗੰਦਾ ਪਾਣੀ ਪੀਣ ਨਾਲ਼ ਬਹੁਤ ਸਾਰੀਆਂ ਬਿਮਾਰੀਆਂ ਹੋ ਜਾਂਦੀਆਂ ਹਨ ਜਿਵੇਂ :




**ਮੌਖਿਕ ਪ੍ਰਸ਼ਨ**

1. ਪਾਣੀ ਦੇ ਗੰਦਾ ਹੋਣ ਬਾਰੇ ਤੁਸੀਂ ਕਿਵੇਂ ਅੰਦਾਜ਼ਾ ਲਗਾ ਸਕਦੇ ਹੋ ?

ੳ) ਇਸ ਦੇ ਰੰਗ ਤੋਂ          ਅ) ਇਸ ਦੇ ਸੁਆਦ ਤੋਂ

ੲ) ਗੰਧ ਤੋਂ          ਸ) ਇਹਨਾਂ ਸਾਰਿਆਂ ਤੋਂ

2. ਪਾਣੀ ਦੇ ਗੰਦਾ ਹੋਣ ਦਾ ਕੁਦਰਤੀ ਕਾਰਨ ਕੀ ਹੈ?

ੳ) ਕੂੜਾ-ਕਰਕਟ          ਅ) ਫੈਕਟਰੀਆਂ ਦਾ ਪਾਣੀ

ੲ) ਮਲ-ਮੂਤਰ          ਸ) ਧੂੜ-ਮਿੱਟੀ

## (ਸ) ਪਾਣੀ ਕਿਤੇ ਮੁੱਕ ਨਾ ਜਾਵੇ

### (ਕਹਾਣੀ)









ਸੁੱਖ ਨਾਲ਼ ਬਾਈ ਜੀਅ ਸਨ ਸਾਡੇ ਪਰਿਵਾਰ ਦੇ ਸਾਰੇ ਵਿਹੜੇ ਵਿੱਚ ਬੈਠਦੇ ਤਾਂ ਵਿਹੜਾ ਭਰਿਆ-ਭਰਿਆ ਲੱਗਦਾ। ਪਰ ਸਾਡੇ ਵਿਹੜੇ ਦੀ ਅਸਲੀ ਰੌਣਕ ਨਲ਼ਕਾ ਸੀ ਜੋ ਮੇਰੇ ਦਾਦਾ ਜੀ ਨੇ ਲਗਵਾਇਆ ਸੀ। ਉਸ ਨੂੰ ਗੇੜਨਾ ਤੇ ਉਸ ਦੀ ਬੋਕੀ ਵਿੱਚੋਂ ਡਿੱਗਦੇ ਪਾਣੀ ਨੂੰ ਵੇਖਣਾ ਮੈਨੂੰ ਬੜਾ ਚੰਗਾ ਲੱਗਦਾ ਸੀ। ਇਕ ਗੱਲ ਜਿਹੜੀ ਮੈਨੂੰ ਬਹੁਤ ਚੰਗੀ ਲੱਗਦੀ ਸੀ ਕਿ ਉਹ ਕਦੇ ਵੀ ਥੱਕਦਾ ਨਹੀਂ ਸੀ ਤੇ ਉਸ ਤੋਂ ਵੀ ਵਧੀਆ ਕਿ ਜਦੋਂ ਮਰਜ਼ੀ ਉਸ ਵਿੱਚੋਂ ਜਿੰਨਾ ਮਰਜ਼ੀ ਪਾਣੀ ਕੱਢ ਲਵੋ ਤੇ ਉਹ ਵੀ ਸਾਫ਼ ਸੁਥਰਾ ਤੇ ਹੀਰੇ ਵਾਂਗ ਚਮਕਦਾ

ਮੰਮੀ ਸਵੇਰੇ ਉੱਠ ਕੇ ਨਲਕੇ ਨੂੰ ਧੋਂਦੇ ਉਸ ਨੂੰ ਮੱਥਾ ਟੇਕਦੇ ਤੇ ਕਦੇ-ਕਦੇ ਐਤਵਾਰ ਨੂੰ ਦਲ਼ੀਆ ਵੀ ਦਿੰਦੇ। ਬੜੀ ਸੁਖੀ ਜ਼ਿੰਦਗੀ ਜੀ ਰਹੇ ਸੀ ਅਸੀਂ ਪਰ ਜਿਉਂ-ਜਿਉਂ ਮੈਂ ਵੱਡਾ ਹੋਇਆ ਨਲ਼ਕੇ ਦਾ ਪਾਣੀ ਘਟਦਾ ਚਲਾ ਗਿਆ। ਮੈਂ ਕਿੰਨੀ ਹੀ ਦੇਰ ਖਾਲ਼ੀ ਨਲ਼ਕਾ ਗੇੜਦਾ ਰਹਿੰਦਾ ਤਦ ਜਾ ਕੇ ਪਾਣੀ ਆਉਂਦਾ ਮੰਮੀ ਨੇ ਦਲ਼ੀਆ ਵੀ ਦਿੱਤਾ ਪਰ ਕੁਝ ਫ਼ਰਕ ਨਾ ਪਿਆ। ਮੈਂ ਸੋਚਦਾ ਆਖ਼ਰ ਪਾਣੀ ਕਿੱਥੇ ਗਿਆ? ਮੇਰੇ ਘਰ ਦੇ ਵਿਹੜੇ ਵਿੱਚ ਖੜ੍ਹਾ ਉਹ ਨਲ਼ਕਾ ਬੇਜਾਨ ਬੁੱਤ ਬਣ ਗਿਆ ਸੀ। ਮੰਮੀ ਨੂੰ ਪਾਣੀ ਭਰਨ ਲਈ ਟਿਊਬਵੈੱਲ ਤੇ ਜਾਣਾ ਪੈਂਦਾ ਸੀ। ਮੈਨੂੰ ਹਰ ਸਮੇਂ ਇਹ ਡਰ ਲੱਗਿਆ ਰਹਿੰਦਾ ਸੀ ਕਿ ਕਿਤੇ ਟਿਊਬਵੈੱਲ ਦਾ ਪਾਣੀ ਵੀ ਮੁੱਕ ਨਾ ਜਾਵੇ।

ਉਮਰ ਦੇ ਨਾਲ਼ ਮੈਂ ਹੋਰ ਵੱਡਾ ਹੋ ਗਿਆ ਤੇ ਟਿਊਬਵੈੱਲ ਦੇ ਪਾਈਪ ਵਿੱਚੋਂ ਨਿਕਲਦੀ ਗੋਲ਼ ਧਾਰ ਘਟਦੀ-ਘਟਦੀ ਇੱਕ ਚੌਥਾਈ ਰਹਿ ਗਈ। ਹੁਣ ਮੈਂ ਇੰਨਾ ਵੱਡਾ ਹੋ ਗਿਆ ਸੀ ਕਿ ਬਚਪਨ ਵੇਲ਼ੇ ਮਨ ਵਿੱਚ ਉੱਠੇ ਉਸ ਸਵਾਲ ਦਾ ਉੱਤਰ ਖੋਜ ਸਕਾਂ। ਹੁਣ ਮੈਂ ਸਮਝ ਗਿਆ ਸੀ ਕਿ ਬੇਕਾਰ ਚੱਲਦੀਆਂ ਟੂਟੀਆਂ ਤੇ ਟੈਂਕੀਆਂ ਭਰਨ ਲਈ ਚੱਲਦੇ ਟੁੱਲੂ ਪੰਪਾਂ ਨੇ ਸਾਡੇ ਨਲ਼ਕੇ ਦਾ ਸਾਰਾ

ਪਾਣੀ ਹੀ ਖਿੱਚ ਲਿਆ ਸੀ ਸੱਚਮੁੱਚ ਮਨੁੱਖ ਨੇ ਆਪਣਾ ਜੀਵਨ ਪੱਧਰ ਉੱਚਾ ਚੁੱਕਦੇ- ਚੁੱਕਦੇ ਪਾਣੀ ਦਾ ਪੱਧਰ ਕਿੰਨਾ ਨੀਵਾਂ ਕਰ ਦਿੱਤਾ ਹੈ।

ਇਸ ਕਹਾਣੀ ਤੋਂ ਤੁਹਾਨੂੰ ਕੀ ਸਿੱਖਿਆ ਮਿਲਦੀ ਹੈ ?


..................................................................................................

..................................................................................................

..................................................................................................

..................................................................................................

**ਕਿਰਿਆ :**






**ਕਿਰਿਆ 2:** ਪਾਣੀ ਦੀ ਵਰਤੋਂ ਸੰਭਲ ਕੇ ਕਰੋ ਵਿਸ਼ੇ ਦੇ ਆਧਾਰ ਤੇ ਕੋਈ ਕਵਿਤਾ/ਕਹਾਣੀ ਲਿਖੋ ਤੇ ਆਪਣੀ ਬਾਲ ਸਭਾ ਵਿੱਚ ਸੁਣਾਓ।

**ਮੌਖਿਕ ਪ੍ਰਸ਼ਨ:**

1. ਪਾਣੀ ਨੂੰ ਕਿਵੇਂ ਬਚਾਇਆ ਜਾ ਸਕਦਾ ਹੈ?

ੳ) ਬਾਲਟੀ ਵਿੱਚ ਪਾ ਕੇ　　ਅ) ਪਾਣੀ ਦੀ ਵਰਤੋਂ ਸੰਭਾਲ ਕੇ ਕਰਨ ਨਾਲ਼

ੲ) ਪਾਣੀ ਦੀ ਵਰਤੋਂ ਨਾ ਕਰਕੇ　　ਸ) ਇਹਨਾਂ ਸਾਰਿਆਂ ਨਾਲ਼

2. ਤੁਹਾਨੂੰ ਕੀ ਲੱਗਦਾ ਹੈ ਕੀ ਕਰਨ ਨਾਲ਼ ਪਾਣੀ ਮੁੱਕ ਜਾਵੇਗਾ?

ੳ) ਪਾਣੀ ਨਾਲ਼ ਖੇਡਣ ਨਾਲ਼　　ਅ) ਕੱਪੜੇ ਧੋਣ ਨਾਲ਼

ੲ) ਧੁੱਪ ਨਾਲ਼　　ਸ) ਵਿਅਰਥ ਗਵਾ ਕੇ

ਪਾਠ 2

# ਇਮਾਨਦਾਰ ਬਣੋ

## (ੳ) ਚਿੱਤਰ-ਕਥਾ



ਹਈਸ਼ਾ ! ਸੌ ਰੁਪਏ ਥਿਆਏ ਕਿਸ ਦੇ ਨੇ? ਮੈਂ ਇਸ ਦੀ ਚੀਜ਼ੀ ਖਾ ਲਵਾਂ? ਨਹੀਂ, ਨਹੀਂ ਇਹ ਗੱਲ ਗ਼ਲਤ ਹੈ ਦੁਕਾਨਦਾਰ ਨੂੰ ਦਿੰਦਾ ਹਾਂ।

ਹਰਜੋਤ ਸਿੰਘ : ਅੰਕਲ ਜੀ ! ਮੈਨੂੰ ਤੁਹਾਡੀ ਦੁਕਾਨ ਦੇ ਸਾਹਮਣਿਉਂ ਸੌ ਰੁਪਏ ਦਾ ਨੋਟ ਲੱਭਿਆ ਹੈ। ਇਹ ਕਿਸ ਦਾ ਹੈ?



ਦੁਕਾਨਦਾਰ : ਵਾਹ ! ਸ਼ਾਬਾਸ਼ ਪੁੱਤਰਾ, ਇਹ ਰੁਪਏ ਮੇਰੇ ਇੱਕ ਗਾਹਕ ਦੇ ਗੁੰਮ ਹੋਏ ਨੇ, ਉਹ ਮੈਨੂੰ ਇਹਨਾਂ ਰੁਪਈਆਂ ਬਾਰੇ ਪੁੱਛਣ ਵੀ ਆਇਆ ਸੀ।

ਹਰਜੋਤ : ਲਵੋ ਅੰਕਲ ਇਹ ਰੁਪਏ ਤੁਸੀਂ ਲੈ ਲਵੋ।

ਦੁਕਾਨਦਾਰ : ਪੁੱਤਰਾ ਮੈਨੂੰ ਤੇਰੀ ਇਮਾਨਦਾਰੀ 'ਤੇ ਬਹੁਤ ਖ਼ੁਸ਼ੀ ਹੋਈ ਹੈ।

(ਗਾਹਕ ਵੀ ਦੁਕਾਨਦਾਰ ਕੋਲ ਆ ਜਾਂਦਾ ਹੈ)

ਦੁਕਾਨਦਾਰ: (ਗਾਹਕ ਨੂੰ) ਸ਼ਾਮ ਸਿੰਘ ਜੀ ਆਹ ਲਵੋ ਤੁਹਾਡੇ ਸੌ ਰੁਪਏ। ਇਸ ਸਿਆਣੇ ਬੱਚੇ ਨੂੰ ਲੱਭੇ ਨੇ।

ਗਾਹਕ : ਵਾਹ ਬਈ ਬੱਚੇ ! ਬਹੁਤ ਖ਼ੁਸ਼ੀ ਦੀ ਗੱਲ ਹੈ। ਸਲੂਟ ਹੈ ਤੇਰੀ ਇਮਾਨਦਾਰੀ ਨੂੰ। ਤੇਰਾ ਨਾਂ ਕੀ ਹੈ ਬੱਚੇ?



ਬੱਚਾ: ਜੀ ਮੇਰਾ ਨਾਮ ਹਰਜੋਤ ਸਿੰਘ ਹੈ। ਮੈਂ ਸਰਕਾਰੀ ਐਲੀਮੈਂਟਰੀ ਸਕੂਲ ਅਸਰਪੁਰ ਵਿੱਚ ਤੀਜੀ ਜਮਾਤ ਦਾ ਵਿਦਿਆਰਥੀ ਹਾਂ। ਸਾਡੇ ਅਧਿਆਪਕਾਂ ਨੇ ਸਾਨੂੰ ਹਮੇਸ਼ਾ ਇਮਾਨਦਾਰ ਬਣਨ ਤੇ ਸੱਚ ਬੋਲਣ ਲਈ ਕਿਹਾ ਹੈ।

ਸ਼ਾਬਾਸ਼ ਪੁੱਤਰ! ਤੇਰੀ ਇਮਾਨਦਾਰੀ ਨੇ ਸਾਨੂੰ ਬਹੁਤ ਖ਼ੁਸ਼ ਕੀਤਾ ਹੈ। ਤੂੰ ਆਪਣੇ ਮਾਪਿਆਂ ਦਾ, ਅਧਿਆਪਕਾਂ ਦਾ, ਆਪਣੇ ਸਕੂਲ ਦਾ ਮਾਣ ਵਧਾਵੇਂਗਾ ਤੇ ਨਾਮ ਰੌਸ਼ਨ ਕਰੇਂਗਾ। ਸ਼ਾਬਾਸ਼!

**ਮੌਖਿਕ ਪ੍ਰਸ਼ਨ:–**

- ਸੌ ਰੁਪਏ ਕਿਸ ਨੂੰ ਲੱਭੇ?
- ਹਰਜੋਤ ਨੇ ਸੌ ਰੁਪਏ ਦਾ ਨੋਟ ਕਿਸ ਨੂੰ ਫੜਾਇਆ?
- ਸੌ ਰੁਪਏ ਦਾ ਨੋਟ ਕਿਸ ਦਾ ਸੀ?
- ਤੁਸੀਂ ਕੀ ਸੋਚਦੇ ਹੋ ਹਰਜੋਤ ਸਿੰਘ ਨੇ ਠੀਕ ਕੰਮ ਕੀਤਾ ਜਾਂ ਗ਼ਲਤ?

## (ਅ) ਇਮਾਨਦਾਰੀ



ਕਿਰਪਾਲ ਸਿੰਘ ਬਹੁਤ ਪ੍ਰੇਸ਼ਾਨ ਸੀ। ਉਸ ਦੀ ਖੇਤ ਵਾਲ਼ੀ ਮੋਟਰ ਦਾ ਕਿਸੇ ਨੇ ਪਟਾ ਚੋਰੀ ਕਰ ਲਿਆ ਸੀ। ਗ਼ਰੀਬ ਕਿਸਾਨ ਸੀ, ਨਵਾਂ ਪਟਾ ਖ਼ਰੀਦਣਾ ਬਹੁਤ ਮੁਸ਼ਕਿਲ ਸੀ। ਉੱਪਰੋਂ ਫ਼ਸਲ ਪਾਣੀ ਮੰਗ ਰਹੀ ਸੀ।

ਕਿਰਪਾਲ ਦਾ ਦੋਸਤ ਪ੍ਰੇਮ ਸਿੰਘ ਉਸ ਨਾਲ਼ ਵਾਪਰੀ ਘਟਨਾ ਬਾਰੇ ਸੁਣ ਕੇ ਦੁਖੀ ਹੋਇਆ। ਪ੍ਰੇਮ ਸਿੰਘ ਨੇ ਆਪਣਾ ਵਿਚਾਰ ਕਿਰਪਾਲ ਸਿੰਘ ਨੂੰ ਸੁਣਾ ਦਿੱਤਾ ਕਿ ਜਿਵੇਂ ਸਾਡਾ ਪਟਾ ਕਿਸੇ ਨੇ ਚੋਰੀ ਕੀਤਾ ਹੈ, ਆਪਾਂ ਵੀ ਅੱਜ ਰਾਤ ਨੂੰ ਕਿਸੇ ਦੀ ਮੋਟਰ ਤੋਂ ਪਟਾ ਲਾਹ ਕੇ ਲਿਆਵਾਂਗੇ।

ਨ੍ਹੇਰੀ ਰਾਤ ਵਿੱਚ ਦੋਵੇਂ ਦੋਸਤ ਸਾਈਕਲ ਉੱਤੇ ਸਵਾਰ ਹੋ ਕੇ ਗੁਆਂਢੀ ਪਿੰਡ ਦੇ ਖੇਤਾਂ ਵਿੱਚ ਪਹੁੰਚ ਗਏ ਉਹਨਾਂ ਨੇ ਇਕ ਮੋਟਰ ਤੋਂ ਪਟਾ ਉਤਾਰ ਲਿਆ, ਪਰ ਉਹ ਬਹੁਤ ਹੀ ਪੁਰਾਣਾ, ਮਾੜੀ ਹਾਲਤ ਵਿੱਚ ਸੀ। ਉਹਨਾਂ ਨੇ ਉਹ ਪਟਾ ਉੱਥੇ ਹੀ ਛੱਡ ਦਿੱਤਾ। ਅੰਤ ਉਹਨਾਂ ਨੇ ਹੋਰ ਮੋਟਰ ਤੋਂ ਨਵਾਂ ਤੇ ਮਹਿੰਗੀ ਕੰਪਨੀ ਦਾ ਪਟਾ ਚੋਰੀ ਕਰ ਲਿਆ। ਪਟਾ ਚੋਰੀ ਕਰਕੇ ਉਹ ਤੁਰੇ ਹੀ ਸਨ ਕਿ ਕਿਰਪਾਲ ਨੇ ਆਪਣੇ ਦੋਸਤ ਨੂੰ ਕਿਹਾ– ਪ੍ਰੇਮ ਰੁਕ ਜਾ।

ਪ੍ਰੇਮ ਸਿੰਘ ਨੇ ਪੁੱਛਿਆ ਕੀ ਹੋਇਆ ?

ਕਿਰਪਾਲ ਨੇ ਕਿਹਾ, ਆਪਾਂ ਇਹ ਪਟਾ ਲੈ ਕੇ ਨਹੀਂ ਜਾਵਾਂਗੇ। ਮੇਰੇ ਦਾਦਾ ਜੀ ਕਿਹਾ ਕਰਦੇ ਸਨ ਕਿ ਇਮਾਨਦਾਰੀ ਦੁਨੀਆ ਦੀ ਸਭ ਤੋਂ ਵੱਡੀ ਸ਼ੈਅ ਹੈ। ਜੇ ਤੁਸੀਂ ਬੇਈਮਾਨੀ ਦਾ ਬਦਲਾ ਬੇਈਮਾਨੀ ਨਾਲ਼ ਲੈਂਦੇ ਹੋ ਤਾਂ ਮਹਾਂ-ਬੇਈਮਾਨ ਹੋ। ਪੂਰੀ ਰੋਟੀ ਨਾਲ਼ੋਂ ਅੱਧੀ ਰੋਟੀ ਖਾ ਲਓ, ਪਰ ਇਮਾਨਦਾਰੀ ਨਾ ਛੱਡੋ।

ਦੋਵਾਂ ਦੋਸਤਾਂ ਨੇ ਇੱਕ-ਦੂਜੇ ਵੱਲ ਦੇਖਿਆ ਤੇ ਪਟਾ ਉੱਥੇ ਹੀ ਛੱਡ ਕੇ ਵਾਪਸ ਘਰ ਆ ਗਏ

**ਮੁਲਾਂਕਣ (ੳ) ਹਾਂ ਜਾਂ ਨਹੀਂ ਚੁਣੋ:**

1. ਕਿਰਪਾਲ ਸਿੰਘ ਦੀ ਮੋਟਰ ਤੋਂ ਪਟਾ ਚੋਰੀ ਕਰਨ ਵਾਲੇ ਇਮਾਨਦਾਰ ਸਨ?

   ਹਾਂ    ਨਹੀਂ

2. ਕੀ ਕਿਰਪਾਲ ਸਿੰਘ ਨੂੰ ਚੋਰੀ ਕਰਨ ਬਾਰੇ ਸੋਚਣਾ ਚਾਹੀਦਾ ਸੀ?

   ਹਾਂ    ਨਹੀਂ

3. ਕੀ ਕਿਰਪਾਲ ਸਿੰਘ ਦੇ ਦਾਦਾ ਜੀ ਨੇ ਉਸ ਨੂੰ ਸਹੀ ਰਸਤੇ ਪਾਇਆ?

   ਹਾਂ    ਨਹੀਂ

**ਮੁਲਾਂਕਣ (ਅ) ਪ੍ਰਸ਼ਨ ਪੁੱਛਣੇ:**

1. ਪਟਾ ਕੀ ਹੁੰਦਾ ਹੈ?
2. ਕਿਰਪਾਲ ਸਿੰਘ ਦੇ ਮਿੱਤਰ ਦਾ ਕੀ ਨਾਂ ਸੀ?
3. ਕਿਰਪਾਲ ਸਿੰਘ ਨੇ ਪਟਾ ਉਤਾਰ ਕੇ ਵੀ ਚੋਰੀ ਨਾ ਕਰਨ ਦਾ ਫ਼ੈਸਲਾ ਲਿਆ, ਕਿਉਂ?

### (ੲ) ਲੱਕੜਹਾਰਾ (ਮੌਖਿਕ ਕਹਾਣੀ)







- ਇਸ ਕਹਾਣੀ ਨੂੰ ਅਧਿਆਪਕ ਪੂਰੀ ਰੌਚਕਤਾ ਨਾਲ਼, ਵਿਸਥਾਰ ਸਹਿਤ, ਆਪਣੇ ਹਾਵਾਂ-ਭਾਵਾਂ ਨੂੰ ਵਿਅਕਤ ਕਰਦਿਆਂ ਸੁਣਾਵੇਗਾ।
- ਅਧਿਆਪਕ ਕਹਾਣੀ ਸੁਣਾਉਣ ਤੋਂ ਬਾਅਦ ਬੱਚਿਆਂ ਨਾਲ਼ ਪ੍ਰਸ਼ਨੋਤਰੀ ਵਿਧੀ ਨਾਲ਼ ਗੱਲ-ਬਾਤ ਕਰੇਗਾ।

## (ਸ) ਸ਼ਾਬਾਸ਼ ਅਬਦੁਲ !(ਮੌਖਿਕ)

**ਅਧਿਆਪਕ:** (ਸਾਰੇ ਬੱਚਿਆਂ ਨੂੰ ਸੰਬੋਧਨ ਕਰਦਿਆਂ) ਬੱਚਿਓ ਸੁਣੋ! ਆਪਣੇ ਬਸਤੇ, ਜਿਉਮੈਟਰੀਆਂ ਤੇ ਆਲ਼ਾ-ਦੁਆਲ਼ਾ ਚੈੱਕ ਕਰੋ ਤੇ ਦੱਸੋ ਤੁਹਾਡੀ ਕੋਈ ਚੀਜ਼ ਤਾਂ ਨਹੀਂ ਗੁਆਚੀ।



(ਸਾਰੇ ਬੱਚੇ ਆਪਣੇ ਬੈਗ, ਜਿਉਮੈਟਰੀਆਂ, ਕਿਤਾਬਾਂ, ਕਾਪੀਆਂ, ਟਾਟ ਵਗੈਰਾ ਚੈੱਕ ਕਰਦੇ ਹਨ। ਵਿੱਚੋਂ ਕੁੱਝ ਬੱਚਿਆਂ ਦੀ ਅਵਾਜ਼ ਆ ਰਹੀ ਹੈ, ਨਹੀਂ ਜੀ ਮੇਰਾ ਨਹੀਂ ਗੁਆਚਿਆ ਕੁੱਝ)

ਗੁਰਮਨ: (ਬਹੁਤ ਉਦਾਸ ਅਵਸਥਾ ਵਿੱਚ ਆਉਂਦਾ ਹੈ)
ਸਰ ਜੀ ਮੇਰੀ ਪੈਨਸਿਲ ਨਹੀਂ ਲੱਭੀ ਮੈਨੂੰ।

**ਅਧਿਆਪਕ:** ਅੱਛਾ! ਕਿਹੋ ਜਿਹੀ ਸੀ ਉਹ ਪੁੱਤਰਾ?

ਗੁਰਮਨ: ਸਰ, ਸਰ ਉਹ ਲਾਲ ਰੰਗ ਦੀ ਸੀ ਵਿੱਚ ਕਾਲ਼ੀਆਂ ਲਾਈਨਾਂ ਨੇ ਜੀ। ਪਰਸੋਂ ਮੇਰੀ ਮੰਮੀ ਨੇ ਲਿਆ ਕੇ ਦਿੱਤੀ ਆ ਜੀ, ਬਿਲਕੁਲ ਨਵੀਂ ਆ।

**ਅਧਿਆਪਕ:** ਪੱਕੀ ਗੱਲ ਆ?

ਗੁਰਮਨ: ਹਾਂ ਜੀ, ਚਾਹੇ ਰਮਨ ਨੂੰ ਪੁੱਛ ਲਓ, ਇਹਨੇ ਘੜ ਕੇ ਦਿੱਤੀ ਆ ਮੈਨੂੰ ਘਾੜੂ ਨਾਲ਼।



**ਅਧਿਆਪਕ:** (ਖੁਸ਼ੀ ਨਾਲ਼ ਪੈਨਸਿਲ ਰਜਿਸਟਰ ’ਚੋਂ ਕੱਢ ਕੇ)
ਆਹ ਲੈ ਆਪਣੀ ਪੈਨਸਿਲ।

ਗੁਰਮਨ: (ਪੈਨਸਿਲ ਦੇਖ ਕੇ ਖ਼ੁਸ਼ ਹੋ ਜਾਂਦਾ ਹੈ)
ਹਾਂ ਜੀ, ਇਹ ਮੇਰੀ ਹੈ। ਥੈਂਕ ਯੂ ਸਰ।

**ਅਧਿਆਪਕ:** (ਸਾਰੇ ਬੱਚਿਆਂ ਨੂੰ ਸੰਬੋਧਨ ਕਰਦਿਆਂ)

ਪਿਆਰੇ ਬੱਚਿਓ, ਸਾਨੂੰ ਆਪਣੀਆਂ ਸਾਰੀਆਂ ਚੀਜ਼ਾਂ ਧਿਆਨ ਨਾਲ਼ ਰੱਖਣੀਆਂ ਚਾਹੀਦੀਆਂ ਨੇ ਇਹ ਪੈਨਸਿਲ ਅਬਦੁਲ ਨੂੰ ਲੱਭੀ ਸੀ। ਉਸ ਨੇ ਮੈਨੂੰ ਲਿਆ ਕੇ ਦਿੱਤੀ। ਅਬਦੁਲ ਪੁੱਤਰ ਸ਼ਾਬਾਸ਼! ਆਓ ਮੇਰੇ ਕੋਲ਼ ਕਿੱਥੋਂ ਲੱਭੀ ਸੀ ਇਹ?

(ਅਬਦੁਲ ਆਉਂਦਾ ਹੈ)

**ਅਬਦੁਲ:** ਜੀ ਇਹ ਮੈਨੂੰ ਟੂਟੀ ਕੋਲੋਂ ਲੱਭੀ ਸੀ, ਮੈਂ ਪਾਣੀ ਪੀਣ ਗਿਆ ਸੀ। ਉੱਥੇ ਡਿੱਗੀ ਪਈ ਸੀ।

**ਗੁਰਮਨ:** ਸਰ, ਮੈਂ ਵੀ ਪਹਿਲਾਂ ਪਾਣੀ ਪੀਣ ਗਿਆ ਸੀ।

**ਅਧਿਆਪਕ:** ਬੱਚਿਓ ਜਮਾਤ 'ਚੋਂ ਜਾਂਦਿਆਂ ਇਹ ਚੀਜ਼ਾਂ ਬਸਤੇ 'ਚ ਪਾ ਕੇ ਜਾਇਆ ਕਰੋ, ਇਸੇ ਲਈ ਤਾਂ ਗੁੰਮ ਜਾਂਦੀਆਂ ਨੇ। ਮੈਨੂੰ ਖ਼ੁਸ਼ੀ ਹੈ ਕਿ ਅਬਦੁਲ ਨੇ ਬੜੀ ਇਮਾਨਦਾਰੀ ਨਾਲ਼ ਪੈਨਸਿਲ ਗੁਰਮਨ ਤੱਕ ਪਹੁੰਚਾ ਦਿੱਤੀ ਹੈ।



ਵਾਹ ਅਬਦੁਲ, ਬਹੁਤ ਖ਼ੂਬ! ਤਾਂ ਫੇਰ ਬੱਚਿਓ ਅਬਦੁਲ ਦੀ ਇਮਾਨਦਾਰੀ 'ਤੇ ਹੋ ਜਾਏ ਇੱਕ ਜ਼ੋਰਦਾਰ ਤਾੜੀ।

(ਬੱਚੇ ਤਾੜੀਆਂ ਮਾਰਦੇ ਹਨ। ਸਾਰਾ ਕਮਰਾ ਤਾੜੀਆਂ ਦੀ ਗੂੰਜ ਨਾਲ਼ ਭਰ ਜਾਂਦਾ ਹੈ।)

**ਅਧਿਆਪਕ ਲਈ:**

ਅਧਿਆਪਕ ਆਪਣੇ ਅਨੁਭਵ 'ਚੋਂ ਇਮਾਨਦਾਰੀ ਵਾਲ਼ੀ ਕੋਈ ਘਟਨਾ ਸਾਂਝੀ ਕਰੇਗਾ।

ਬੱਚਿਆਂ ਨੂੰ ਕਿਹਾ ਜਾਵੇਗਾ ਕਿ ਇਮਾਨਦਾਰੀ ਬਾਰੇ ਆਪਣੀ ਕੋਈ ਹੱਡ-ਬੀਤੀ ਜਾਂ ਕਹਾਣੀ ਸੁਣਾਓ।

ਅਧਿਆਪਕ ਬੱਚਿਆਂ ਨੂੰ ਘਰੋਂ ਆਪਣੇ ਦਾਦਾ-ਦਾਦੀ, ਮਾਤਾ-ਪਿਤਾ ਆਦਿ ਤੋਂ ਇਮਾਨਦਾਰੀ ਬਾਰੇ ਕਹਾਣੀਆਂ ਸੁਣ ਕੇ ਆਉਣ ਅਤੇ ਆ ਕੇ ਸਾਂਝੀਆਂ ਕਰਨ ਲਈ ਕਹੇਗਾ।

ਪਾਠ 3

# ਅਸੀਂ ਸਭ ਬਰਾਬਰ



ਪੁੱਤ ਹੋਵੇ ਜਾਂ ਧੀ, ਇੱਕੋ ਜਿਹੇ ਨੇ ਜੀਅ।

ਪੁੱਤ ਖੁਸ਼ੀ ਜੇ ਘਰ ਦੀ, ਤਾਂ ਰੌਣਕ ਹੁੰਦੀ ਧੀ।

ਸਦਾ ਘਰ 'ਚ ਮਹਿਕਾਂ ਛੱਡਦੇ,

ਖ਼ੈਰ ਮਾਪਿਆਂ ਦੀ ਨਿੱਤ ਮੰਗਦੇ।

ਕੁੱਲ ਦੀ ਬਣਦੇ ਸ਼ਾਨ ਨੇ।

ਵੱਡਿਆਂ ਦਾ ਰੱਖਦੇ ਮਾਣ ਨੇ

ਦੋਵੇਂ ਹੀ ਰੱਬ ਦਾ ਰੂਪ ਨੇ,

ਦੱਸ ਫ਼ਰਕ ਇਨ੍ਹਾਂ ਵਿੱਚ ਕੀ ?

ਪੁੱਤ ਹੋਵੇ ਜਾਂ ਧੀ, ਇੱਕੋ ਜਿਹੇ ਨੇ ਜੀਅ।





ਦੱਸੋ ਤਾਂ ਭਲਾਂ

1. ਮੁੰਡੇ-ਕੁੜੀ ਵਿੱਚ ਫ਼ਰਕ ਰੱਖਣਾ ਚਾਹੀਦਾ ਹੈ ?
2. ਮੁੰਡੇ ਕੁੜੀ ਵਿੱਚ ਕੋਈ ਫ਼ਰਕ ਨਹੀਂ ਰੱਖਣਾ ਚਾਹੀਦਾ ?

## (ਅ) ਕੰਮ ਬਰਾਬਰ ਕਰੀਏ






**ਪਿਆਰੇ ਬੱਚਿਓ ! ਕੌਣ ਕਿਹੜਾ ਕੰਮ ਕਰ ਸਕਦਾ ਹੈ, ਉਸ ਉੱਤੇ ਨਿਸ਼ਾਨ ਲਗਾਓ।**

| ਕੰਮ | ਮੁੰਡਾ | ਕੁੜੀ | ਦੋਵੇਂ |
|---|---|---|---|
| ਖਾਣਾ ਬਣਾਉਣਾ | | | |
| ਸਫ਼ਾਈ ਕਰਨਾ | | | |
| ਕੱਪੜੇ ਧੋਣਾ | | | |
| ਪਸ਼ੂਆਂ ਦੀ ਸੰਭਾਲ | | | |
| ਪੜ੍ਹਾਈ ਕਰਨੀ | | | |
| ਖੇਡਾਂ ਖੇਡਣੀਆਂ | | | |
| ਫ਼ਿਲਮਾਂ 'ਚ ਕੰਮ ਕਰਨਾ | | | |
| ਨਾਟਕਾਂ 'ਚ ਕੰਮ ਕਰਨਾ | | | |
| ਫੈਕਟਰੀਆਂ 'ਚ ਕੰਮ ਕਰਨਾ | | | |
| ਗੀਤ ਗਾਉਣੇ | | | |
| ਸਾਈਕਲ/ਸਕੂਟਰ ਚਲਾਉਣਾ | | | |
| ਕਾਰਾਂ, ਬੱਸਾਂ ਚਲਾਉਣੀਆਂ | | | |
| ਹਵਾਈ ਜਹਾਜ਼ ਚਲਾਉਣਾ | | | |
| ਸਪੇਸ ਵਿੱਚ ਜਾਣਾ | | | |
| ਡਾਕਟਰ, ਵਕੀਲ ਅਤੇ ਅਧਿਆਪਕ ਬਣਨਾ | | | |
| ਫ਼ੌਜ ਵਿੱਚ ਜਾਣਾ | | | |

ਉਪਰੋਕਤ ਕੰਮਾਂ ਬਾਰੇ ਪੁੱਛਣ ਤੋਂ ਬਾਅਦ ਅਧਿਆਪਕ ਵੱਲੋਂ ਬੱਚਿਆਂ ਨੂੰ ਪ੍ਰੇਰਿਤ ਕੀਤਾ ਜਾਵੇਗਾ ਕਿ ਮੁੰਡੇ ਅਤੇ ਕੁੜੀ ਦੋਨੋਂ ਹਰ ਪ੍ਰਕਾਰ ਦਾ ਕੰਮ ਕਰ ਸਕਦੇ ਹਨ। ਜਦੋਂ ਕੰਮ ਕਰਨ ਵਿੱਚ ਬਰਾਬਰਤਾ ਹੈ ਤਾਂ ਮੁੰਡੇ-ਕੁੜੀ ਵਿੱਚ ਵੀ ਕੋਈ ਭੇਦ-ਭਾਵ ਨਹੀਂ ਹੈ। ਇਸ ਨਾਲ਼ ਬੱਚੇ ਵਿੱਚ ਬਰਾਬਰਤਾ ਅਤੇ ਨਿਆਂ ਦੀ ਭਾਵਨਾ ਉਤਪੰਨ ਹੋਵੇਗੀ।







## (ੲ) ਇੱਕੋ ਬਾਗ ਦੇ ਫੁੱਲ

ਪਿਆਰੇ ਬੱਚਿਓ! ਆਪਾਂ ਦੇਖਦੇ ਹਾਂ ਕਿ ਸਾਰੇ ਬੰਦੇ ਬਰਾਬਰ ਹਨ। ਕੁਦਰਤ ਵੀ ਸਭ ਨੂੰ ਨਿਆਂ ਪ੍ਰਦਾਨ ਕਰਦੀ ਹੈ। ਇਸ ਤਰ੍ਹਾਂ ਮਨੁੱਖ ਨੂੰ ਵੀ ਕਿਸੇ ਨਾਲ਼ ਕੋਈ ਭੇਦ-ਭਾਵ ਨਹੀਂ ਕਰਨਾ ਚਾਹੀਦਾ। ਆਓ, ਆਪਾਂ ਤੁਹਾਨੂੰ ਇੱਕ ਇਹੋ ਜਿਹੇ ਪਰਿਵਾਰ ਨਾਲ਼ ਮਿਲ਼ਾਉਂਦੇ ਹਾਂ, ਜਿੱਥੇ ਘਰ ਦੇ ਸਾਰੇ ਜੀਅ ਸਮਾਨ ਹਨ ਅਤੇ ਸਾਰੇ ਖ਼ੁਸ਼ੀ-ਖ਼ੁਸ਼ੀ ਵਸਦੇ ਹਨ।

ਮਨਦੀਪ ਅਤੇ ਕਰਮਵੀਰ ਭੈਣ-ਭਰਾ ਸਨ, ਜੋ ਕਿ ਇੱਕ ਕਲਾਸ ਅਤੇ ਇੱਕੋ ਸਕੂਲ ਵਿੱਚ ਪੜ੍ਹਦੇ ਸਨ। ਦੋਵੇਂ ਇਕੱਠੇ ਸਕੂਲ ਜਾਂਦੇ, ਘਰ ਆ ਕੇ ਖੇਡਦੇ ਅਤੇ ਸਕੂਲ ਦਾ ਕੰਮ ਮੁਕਾਉਂਦੇ। ਉਨ੍ਹਾਂ ਨੂੰ ਆਪਣਾ ਕਮਰਾ ਸਾਫ਼-ਸਾਫ਼ ਬਹੁਤ ਚੰਗਾ ਲੱਗਦਾ ਸੀ। ਇਸ ਲਈ ਸਕੂਲ ਦਾ ਕੰਮ ਖ਼ਤਮ ਕਰਨ ਤੋਂ ਬਾਅਦ ਉਹ ਆਪਣੇ ਕਮਰੇ ਦੀ ਸਫ਼ਾਈ ਵਿੱਚ ਲੱਗ ਜਾਂਦੇ। ਜੇਕਰ ਮਨਦੀਪ ਅਲਮਾਰੀ ਸਾਫ਼ ਕਰਦੀ ਤਾਂ ਕਰਮਵੀਰ ਸਾਰੇ ਖਿੱਲਰੇ ਖਿਡੌਣੇ ਡੱਬੇ ਵਿੱਚ ਬੰਦ ਕਰਕੇ ਰੱਖ ਦਿੰਦਾ। ਇੱਕ ਪਾਸੇ ਮਨਦੀਪ ਚਾਦਰ ਠੀਕ ਕਰਦੀ ਅਤੇ ਦੂਜੇ ਪਾਸੇ ਕਰਮਵੀਰ ਸਾਰੀਆਂ ਕਿਤਾਬਾਂ ਚੁੱਕ



ਕੇ ਮੇਜ਼ ਉੱਪਰ ਚਿਣ ਕੇ ਰੱਖ ਦਿੰਦਾ  ਉਹ ਅਕਸਰ ਦਾਦੀ ਜੀ ਵੱਲੋਂ ਸਿਖਾਈਆਂ ਸਤਰਾਂ ਉਚਾਰਦੇ ਰਹਿੰਦੇ 'ਸਫ਼ਾਈ ਵਿੱਚ ਹੀ ਖ਼ੁਦਾਈ ਹੈ। ਇਸ ਨਾਲ਼ ਉਹਨਾਂ ਅੰਦਰ ਕਮਰਾ ਸਾਫ਼ ਕਰਨ ਦਾ ਜਜ਼ਬਾ ਹੋਰ ਵੀ ਵੱਧ ਜਾਂਦਾ। ਬਸ ਫੇਰ ਕੀ, ਕੁਝ ਹੀ ਮਿੰਟਾਂ ਵਿੱਚ ਉਹਨਾਂ ਨੂੰ ਆਪਣਾ ਕਮਰਾ ਸਾਫ਼-ਸਾਫ਼ ਦਿਸਣ ਲੱਗ ਜਾਂਦਾ। ਮਾਤਾ ਜੀ ਜਦੋਂ ਵੀ ਕਮਰੇ ਵਿੱਚ ਆ ਕੇ ਵੇਖਦੇ ਤਾਂ ਖ਼ੁਸ਼ ਹੋ ਕੇ ਕਹਿੰਦੇ, "ਸ਼ਾਬਾਸ਼! ਮੇਰੇ ਬੱਚਿਓ, ਸਾਫ਼-ਸੁਥਰੇ ਕਮਰੇ ਵਿੱਚ ਪੜ੍ਹਾਈ ਵੀ ਚੰਗੀ ਆਉਂਦੀ ਹੈ" ਉਨ੍ਹਾਂ ਦੇ ਮਾਤਾ ਜੀ ਉਹਨਾਂ ਨੂੰ ਹਮੇਸ਼ਾ ਸਿਖਾਉਂਦੇ ਰਹਿੰਦੇ ਕਿ ਕੋਈ ਵੀ ਕੰਮ ਵੱਡਾ-ਛੋਟਾ ਨਹੀਂ ਹੁੰਦਾ ਅਤੇ ਨਾ ਹੀ ਮੁੰਡੇ ਕੁੜੀ ਦੇ ਕਰਨ ਵਾਲ਼ਾ ਹੁੰਦਾ ਹੈ  ਸਗੋਂ ਸਾਰੇ ਕੰਮ ਬਰਾਬਰ ਹੁੰਦੇ ਹਨ



ਪਹਿਲਾਂ ਵਾਲ਼ੇ ਸਮਿਆਂ ਵਿੱਚ ਆਦਮੀ ਬਾਹਰ ਕੰਮ ਕਰਨ ਜਾਂਦੇ ਅਤੇ ਔਰਤਾਂ ਘਰੇਲੂ ਕੰਮ ਕਰਦੀਆਂ ਸਨ। ਪਰ ਅੱਜ-ਕੱਲ੍ਹ ਤਾਂ ਬਾਹਰ ਦੇ ਕੰਮ ਵੀ ਦੋਨਾਂ ਦੇ ਸਾਂਝੇ ਹਨ ਅਤੇ ਘਰ ਦੇ ਕੰਮ ਵੀ। ਉਹ ਅਕਸਰ ਆਪਣੀ ਮਾਤਾ ਜੀ ਨੂੰ ਆਂਢ-ਗੁਆਂਢ 'ਚ ਵੀ ਗੱਲਾਂ ਕਰਦੇ ਸੁਣਦੇ ਕਿ ਮੁੰਡੇ-ਕੁੜੀ ਵਿੱਚ ਕੋਈ ਫ਼ਰਕ ਨਹੀਂ। ਦੋਵੇਂ ਹੀ ਮਾਪਿਆਂ ਦੇ ਪਿਆਰੇ ਬੱਚੇ ਹਨ  ਬੁਢਾਪੇ ਸਮੇਂ ਵੀ ਦੋਵੇਂ ਹੀ ਮਾਪਿਆਂ ਦੇ ਦੁੱਖ-ਸੁੱਖ ਸੁਣਦੇ ਅਤੇ ਸਾਂਭ-ਸੰਭਾਲ ਕਰਦੇ ਹਨ। ਇਹ ਕਹਿ ਕੇ ਉਹ ਅਕਸਰ ਇਹ ਕਹਾਵਤ ਉਚਾਰਦੇ ਕਿ 'ਜੇ ਪੁੱਤਰ ਮਿੱਠੜੇ ਮੇਵੇ ਨੇ ਤਾਂ ਧੀਆਂ ਵੀ ਮਿਸ਼ਰੀ ਦੀਆਂ ਡਲ਼ੀਆਂ ਨੇ'। ਉਹ ਕਿਹੜਾ ਕੰਮ ਹੈ, ਜੋ ਕੁੜੀਆਂ ਨਹੀਂ ਕਰ ਸਕਦੀਆਂ। ਸਕੂਲ ਦਾ ਕੰਮ ਮੁਕਾ ਕੇ ਉਹ ਆਪਣੇ ਪਿਤਾ ਜੀ ਨਾਲ਼ ਫੁੱਲ-ਬੂਟਿਆਂ ਦੀ ਸਾਂਭ-ਸੰਭਾਲ ਵਿੱਚ ਲੱਗ ਜਾਂਦੇ। ਕੋਈ ਬੂਟਿਆਂ ਨੂੰ ਪਾਣੀ ਦਿੰਦਾ ਅਤੇ ਕੋਈ ਬੂਟਿਆਂ ਦੀ ਸਾਫ਼-ਸਫ਼ਾਈ ਕਰਦਾ। ਉਹਨਾਂ ਨੂੰ ਲੱਗਦਾ ਕਿ ਜਿਵੇਂ ਫੁੱਲ ਉਹਨਾਂ ਨਾਲ਼ ਗੱਲਾਂ ਕਰ ਰਹੇ ਹੋਣ। ਇਸ ਸਮੇਂ ਉਹਨਾਂ ਦਾ ਡੱਬੂ ਕੁੱਤਾ ਵੀ ਉਹਨਾਂ ਨਾਲ਼ ਭੱਜਿਆ-ਭੱਜਿਆ ਫਿਰਦਾ। ਦਰਖਤ 'ਤੇ ਪਏ ਆਲ਼ੇ ਵਿੱਚ ਛੋਟੇ-ਛੋਟੇ ਬੋਟ ਅਤੇ ਉਹਨਾਂ



ਦੀ ਮਾਂ ਚਿੜੀ ਵੀ ਆਸੇ-ਪਾਸੇ ਘੁੰਮਦੀ ਉਨ੍ਹਾਂ ਨੂੰ ਬਹੁਤ ਚੰਗੀ-ਚੰਗੀ ਲੱਗਦੀ। ਉਹਨਾਂ ਦੇ ਪਿਤਾ ਜੀ ਵੀ ਉਹਨਾਂ ਨੂੰ ਇਹੋ ਸਿਖਾਉਂਦੇ ਕਿ ਤੁਸੀਂ ਜਿੰਨਾ ਪਿਆਰ ਪਸ਼ੂ-ਪੰਛੀਆਂ ਨੂੰ ਕਰੋਗੇ, ਉਨਾਂ ਹੀ ਪਿਆਰ ਇਹ ਵੀ ਤੁਹਾਨੂੰ ਕਰਨਗੇ ਤੁਸੀਂ ਜਿੰਨੇ ਪਿਆਰ ਨਾਲ਼ ਬੂਟਿਆਂ ਦਾ ਧਿਆਨ ਰੱਖੋਗੇ, ਉਹ ਓਨੇ ਹੀ ਵਧਣਗੇ-ਫੁੱਲਣਗੇ ਇਸ ਕੰਮ ਵਿੱਚ ਉਹਨਾਂ ਨੂੰ ਬਹੁਤ ਆਨੰਦ ਆਉਂਦਾ ਮਨਦੀਪ ਅਤੇ ਕਰਮਵੀਰ ਦੇ ਘਰ ਦਾ ਵਿਹੜਾ ਖੁੱਲ੍ਹਾ ਸੀ, ਜਿੱਥੇ ਉਹ ਖੇਡਦੇ ਸਨ। ਆਂਢ ਗੁਆਂਢ 'ਚੋਂ ਬੱਚੇ ਵੀ ਉਨ੍ਹਾਂ ਦੇ ਘਰ ਖੇਡਣ ਲਈ ਆ ਜਾਂਦੇ ਉਹ ਪੀਚੋ, ਫੜਨ-ਫੜਾਈ, ਲੁਕਣ-ਮੀਚੀ ਆਦਿ ਖੇਡਾਂ ਖੇਡਦੇ। ਗਰਮੀਆਂ ਵਿੱਚ ਉਹਨਾਂ ਦੇ ਦਾਦੀ ਜੀ ਸਾਰੇ ਬੱਚਿਆਂ ਨੂੰ ਠੰਢਾ-ਮਿੱਠਾ ਸ਼ਰਬਤ ਅਤੇ ਸ਼ਿਕੰਜਵੀ ਵੀ ਪਿਲਾਉਂਦੇ ਖੇਡਦੇ-ਖੇਡਦੇ ਹਨੇਰਾ ਹੋ ਜਾਂਦਾ ਅਤੇ ਸਾਰੇ ਬੱਚੇ ਆਪਣੇ-ਆਪਣੇ ਘਰ ਚਲੇ ਜਾਂਦੇ ਅੰਦਰੋਂ ਮਾਤਾ ਜੀ ਦੀ ਅਵਾਜ਼ ਖਾਣੇ ਲਈ ਆ ਜਾਂਦੀ ਖਾਣਾ ਖਾਣ ਤੋਂ ਪਹਿਲਾਂ ਉਹ ਆਪਣੇ ਹੱਥ ਚੰਗੀ ਤਰ੍ਹਾਂ ਧੋਂਦੇ, ਫੇਰ ਥਾਲੀ ਚੁੱਕ ਕੇ ਖਾਣਾ ਪਵਾਉਂਦੇ ਅਤੇ ਖਾਣਾ ਖਾਣ ਤੋਂ ਬਾਅਦ ਉਹ ਆਪਣੇ-ਆਪਣੇ ਭਾਂਡੇ ਰਸੋਈ ਵਿੱਚ ਰੱਖ ਕੇ ਆਉਂਦੇ ਸੌਣ ਤੋਂ ਪਹਿਲਾਂ ਉਹ ਆਪਣੇ ਦਾਦਾ-ਦਾਦੀ ਜੀ ਕੋਲ਼ ਜਾ ਕੇ ਬੈਠ ਜਾਂਦੇ ਉਹਨਾਂ ਨਾਲ਼ ਗੱਲਾਂ ਕਰਦੇ ਅਤੇ ਉਹਨਾਂ ਤੋਂ ਬਾਤਾਂ ਸੁਣਦੇ ਉਹਨਾਂ ਦੇ ਦਾਦੀ ਜੀ ਹਮੇਸ਼ਾ ਸਮਝਾਉਂਦੇ, "ਮੇਰੇ ਬੱਚਿਓ, ਦੁਨੀਆ ਦੇ ਸਾਰੇ ਇਨਸਾਨ ਬਰਾਬਰ ਹਨ ਸਾਨੂੰ ਕਿਸੇ ਨਾਲ਼ ਕੋਈ ਵੀ ਫ਼ਰਕ ਨਹੀਂ ਕਰਨਾ ਚਾਹੀਦਾ ਕਿਉਂਕਿ ਕੁਦਰਤ ਨੇ ਸਾਰਿਆਂ ਨੂੰ ਬਰਾਬਰ ਬਣਾਇਆ ਹੈ ਕਿਸੇ ਨਾਲ਼ ਵੀ ਅਮੀਰੀ-ਗਰੀਬੀ, ਗੋਰਾ-ਕਾਲ਼ਾ, ਧਰਮ, ਜਾਤ ਅਤੇ ਕੰਮਾਂ ਵੱਲੋਂ ਕੋਈ ਫ਼ਰਕ ਨਹੀਂ ਕਰਨਾ ਚਾਹੀਦਾ, ਕਿਉਂਕਿ ਸਾਰਿਆਂ ਵਿੱਚ ਇੱਕੋ ਰੰਗ ਦਾ ਖ਼ੂਨ ਵਗਦਾ ਹੈ। ਫਿਰ ਦਾਦਾ ਜੀ ਕਹਿੰਦੇ ਕਿ ਧਰਤੀ ਸਾਰਿਆਂ ਦੀ ਸਾਂਝੀ ਹੈ ਚਾਹੇ ਪੰਛੀ ਜਾਨਵਰ ਅਤੇ ਇਨਸਾਨ ਹੋਣ। ਸਭ ਨੂੰ ਬਰਾਬਰ ਰਹਿਣ ਅਤੇ ਜਿਉਣ ਦਾ ਹੱਕ ਹੈ ਸਾਨੂੰ ਕੁਦਰਤ ਵੱਲੋਂ ਮਿਲਣ ਵਾਲ਼ੀਆਂ ਨਿਆਮਤਾਂ ਜਿਵੇਂ ਕਿ ਹਵਾ, ਪਾਣੀ ਅਤੇ ਧਰਤੀ ਦੀ ਸਾਂਭ-ਸੰਭਾਲ ਕਰਨੀ ਚਾਹੀਦੀ ਹੈ ਜੇਕਰ ਅਸੀਂ ਕੁਦਰਤ ਨਾਲ਼ ਪਿਆਰ ਕਰਾਂਗੇ ਤਾਂ ਕੁਦਰਤ ਵੀ ਸਾਨੂੰ ਬਹੁਤ ਸਾਰੇ ਵਰਦਾਨ ਬਖ਼ਸ਼ੇਗੀ ਇਸ ਤਰ੍ਹਾਂ ਗੱਲਾਂ ਕਰਦੇ-ਕਰਦੇ ਉਹ ਸੌਂ ਜਾਂਦੇ।

## ੳ-ਮੌਖਿਕ ਪ੍ਰਸ਼ਨ:- ਜੇਕਰ ਠੀਕ ਹੈ ਤਾਂ ਹੱਸਦੇ ਚਿਹਰੇ ਤੇ ਜੇ ਗਲ਼ਤ ਹੈ ਤਾਂ ਉਦਾਸ ਚਿਹਰੇ 'ਤੇ ਨਿਸ਼ਾਨ ਲਗਾਓ

(ਅਧਿਆਪਕ ਵੱਲੋਂ ਵਿਦਿਆਰਥੀਆਂ ਨੂੰ ਠੀਕ ਗ਼ਲਤ ਬਾਰੇ ਪੁੱਛਿਆ ਜਾਵੇਗਾ )

1-ਸਾਨੂੰ ਘਰ ਵਿੱਚ ਸਾਰਿਆਂ ਦੀ ਇੱਜ਼ਤ ਕਰਨੀ ਚਾਹੀਦੀ ਹੈ

2-ਘਰ ਦੇ ਕੰਮਾਂ ਵਿੱਚ ਸਾਨੂੰ ਇੱਕ ਦੂਜੇ ਦੀ ਮਦਦ ਕਰਨੀ ਚਾਹੀਦੀ ਹੈ

3-ਪੜ੍ਹਾਈ ਵਿੱਚ ਸਿਰਫ਼ ਮੁੰਡੇ ਹੁਸ਼ਿਆਰ ਹੁੰਦੇ ਹਨ

4-ਘਰ ਦੇ ਸਾਰੇ ਜੀਅ ਬਰਾਬਰ ਹੁੰਦੇ ਹਨ

ਠੀਕ-ਗ਼ਲਤ

## ਅ-ਸਹੀ 'ਤੇ ਨਿਸ਼ਾਨ ਲਗਾਓ

1-ਕੁੜੀਆਂ ਕਿਹੜੇ-ਕਿਹੜੇ ਕੰਮ ਕਰ ਸਕਦੀਆਂ ਹਨ ?

ਪੜ੍ਹਾਈ ☐ ਨੌਕਰੀ ☐ ਘਰ ਦਾ ਕੰਮ ☐ ਸਾਰੇ ☐

2-'ਜੇ ਪੁੱਤਰ ਮਿੱਠੜੇ ਮੇਵੇ ਨੇ ਤਾਂ ਧੀਆਂ ਵੀ ਮਿਸ਼ਰੀ ਦੀਆਂ ਡਲ਼ੀਆਂ ਨੇ' ਇਹ ਕਹਾਵਤ ਕਿਸੇ ਨੇ ਆਖੀ?

ਮਾਤਾ ਜੀ ਨੇ ☐ ਪਿਤਾ ਜੀ ਨੇ ☐ ਦਾਦਾ ਜੀ ਨੇ ☐ ਦਾਦੀ ਜੀ ਨੇ ☐

3-ਸਾਨੂੰ ਕਿਸ ਗੱਲੋਂ ਭੇਦ-ਭਾਵ ਨਹੀਂ ਕਰਨਾ ਚਾਹੀਦਾ ?

ਰੰਗ-ਰੂਪ ☐ ਜਾਤ-ਪਾਤ ☐ ਧਰਮ ☐ ਕਿਸੇ ਨਾਲ਼ ਵੀ ਨਹੀਂ ☐

4-ਸਾਨੂੰ ਕਿਸ ਨੂੰ ਪਿਆਰ ਕਰਨਾ ਚਾਹੀਦਾ ਹੈ ?

ਪੰਛੀ ☐ ਜਾਨਵਰ ☐ ਇਨਸਾਨ ☐ ਸਾਰਿਆਂ ਨਾਲ਼ ☐

5-ਸਾਨੂੰ ਕਿਸ ਦਾ ਆਦਰ ਕਰਨਾ ਚਾਹੀਦਾ ਹੈ?

ਵੱਡਿਆਂ ਦਾ ☐ ਛੋਟਿਆਂ ਦਾ ☐ ਹਾਣੀਆਂ ਦਾ ☐ ਸਾਰਿਆਂ ਦਾ ☐

ਅਧਿਆਪਕ ਵੱਲੋਂ ਬੱਚਿਆਂ ਨੂੰ ਪ੍ਰੇਰਿਤ ਕੀਤਾ ਜਾਵੇਗਾ ਕਿ ਘਰ ਵਿੱਚ ਰਹਿਣ ਵਾਲ਼ੇ ਸਾਰੇ ਵਿਅਕਤੀਆਂ, ਜੀਵ-ਜੰਤੂਆਂ ਅਤੇ ਪੰਛੀਆਂ ਆਦਿ ਸਭ ਨੂੰ ਬਰਾਬਰੀ ਦਾ ਅਧਿਕਾਰ ਹੈ ਸਭ ਨਾਲ਼ ਮਿਲ਼ ਕੇ ਰਹਿਣ ਵਿੱਚ ਹੀ ਵਡਿਆਈ ਹੈ ਮੁੰਡੇ-ਕੁੜੀ ਵਿੱਚ ਕੋਈ ਵੀ ਫ਼ਰਕ ਨਹੀਂ ਹੈ ਇਸ ਬਰਾਬਰੀ ਦੇ ਨਾਲ਼ ਹੀ ਸਭ ਨੂੰ ਇਨਸਾਫ਼ ਮਿਲਦਾ ਹੈ ਘਰ ਦੇ ਸਾਰੇ ਕੰਮ ਸਭ ਨੂੰ ਮਿਲ਼-ਜੁਲ਼ ਕੇ ਕਰਨੇ ਚਾਹੀਦੇ ਹਨ ਅਧਿਆਪਕ ਵੱਲੋਂ ਅਗਲੀ ਜਮਾਤ ਵਿੱਚ ਪੁੱਛਿਆ ਜਾਵੇਗਾ ਕਿ ਉਪਰੋਕਤ ਸਿੱਖਿਆਵਾਂ ਵਿੱਚੋਂ ਉਹਨਾਂ ਨੇ ਕਿਸ-ਕਿਸ 'ਤੇ ਅਮਲ ਕੀਤਾ ?

ਦੋਸਤੋ ! ਮੈਨੂੰ ਪਤਾ ਹੈ ਕਿ ਤੁਸੀਂ ਵੀ ਸਾਡੀ ਤਰ੍ਹਾਂ ਚੰਗੇ ਬੱਚੇ ਹੋ।





ਪਾਠ 4

# ਕਰੀਏ ਪਿਆਰ, ਬਣੀਏ ਵਫ਼ਾਦਾਰ

## (ੳ) ਮੇਰੇ ਦਰਿਆ, ਖੇਤ, ਪਹਾੜ

ਅਸੀਂ ਜਿੱਥੇ ਜੰਮੇ-ਪਲ਼ੇ ਅਤੇ ਖੇਡੇ ਹੁੰਦੇ ਹਾਂ, ਉਸ ਨੂੰ ਮਾਤ-ਭੂਮੀ ਕਿਹਾ ਜਾਂਦਾ ਹੈ। ਹਰ ਮਨੁੱਖ ਨੂੰ ਆਪਣੀ ਮਾਤ-ਭੂਮੀ ਨਾਲ਼ ਬੜਾ ਪਿਆਰ ਹੁੰਦਾ ਹੈ ਸਾਡਾ ਪੰਜਾਬ ਬਹੁਤ ਸੋਹਣਾ ਹੈ। ਇੱਥੇ ਬੜਾ ਕੁਝ ਦੇਖਣ ਵਾਲ਼ਾ ਹੈ ਇੱਥੇ ਦਰਿਆ ਹਨ, ਖੇਤ ਹਨ ਅਤੇ ਪਹਾੜ ਹਨ। ਇਹ ਸਾਡੇ ਪੰਜਾਬ ਨੂੰ ਸੋਹਣਾ ਵੀ ਬਣਾਉਂਦੇ ਹਨ ਤੇ ਖ਼ੁਸ਼ਹਾਲ ਵੀ ਬਣਾਉਂਦੇ ਹਨ







ਮਹਾਨ ਲੋਕ ਆਪਣੀ ਮਾਤ-ਭੂਮੀ ਨਾਲ਼ੋਂ ਕਦੇ ਰਿਸ਼ਤਾ ਨਹੀਂ ਤੋੜਦੇ। ਸਾਡੇ ਅਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਜੀ ਵੀ ਆਪਣੀ ਮਾਤ-ਭੂਮੀ ਨੂੰ ਬਹੁਤ ਪਿਆਰ ਕਰਦੇ ਸਨ। ਉਹਨਾਂ ਨੇ ਆਪਣੀ ਮੌਤ ਤੋਂ ਪਹਿਲਾਂ ਕਿਹਾ ਸੀ ਕਿ ਜਦੋਂ ਮੈਂ ਮਰ ਜਾਵਾਂ ਤਾਂ ਮੇਰੀ ਕੁਝ ਰਾਖ ਗੰਗਾ ਨਦੀ ਵਿਚ ਵਹਾ ਦੇਣੀ। ਬਾਕੀ ਬਚਦੀ ਰਾਖ ਹਵਾਈ ਜਹਾਜ਼ ਵਿੱਚੋਂ ਉਚਾਈ 'ਤੇ ਜਾ ਕੇ ਮੇਰੇ ਦੇਸ਼ ਦੇ ਖੇਤਾਂ ਵਿਚ ਖਿਲਾਰ ਦੇਣੀ।

ਖੇਤਾਂ, ਦਰਿਆਵਾਂ, ਪਹਾੜਾਂ ਅਤੇ ਜੰਗਲਾਂ ਤੋਂ ਬਿਨਾਂ ਅਸੀਂ ਜਿਊਂਦੇ ਨਹੀਂ ਰਹਿ ਸਕਦੇ। ਜਿਹੜੇ ਕੰਮਾਂ ਨਾਲ਼ ਇਹਨਾਂ ਨੂੰ ਨੁਕਸਾਨ ਹੁੰਦਾ ਹੈ, ਉਹ ਕੰਮ ਨਹੀਂ ਕਰਨੇ ਚਾਹੀਦੇ ਖੇਤਾਂ ਵਿਚ ਨਾੜ ਨੂੰ ਅੱਗ ਨਹੀਂ ਲਗਾਉਣੀ ਚਾਹੀਦੀ। ਦਰਿਆਵਾਂ ਵਿਚ ਗੰਦਗੀ ਨਹੀਂ ਸੁੱਟਣੀ ਚਾਹੀਦੀ। ਪਹਾੜਾਂ ਨੂੰ ਬਿਨਾਂ ਕਾਰਨ ਤੋਂ ਕੱਟਣਾ ਨਹੀਂ ਚਾਹੀਦਾ। ਜੰਗਲਾਂ ਦੀ ਅੰਨ੍ਹੇਵਾਹ ਕਟਾਈ ਨਹੀਂ ਕਰਨੀ ਚਾਹੀਦੀ।

**ਮੌਖਿਕ ਪ੍ਰਸ਼ਨ :**

1) ਜਿਸ ਜਗ੍ਹਾ ਅਸੀਂ ਪੈਦਾ ਹੁੰਦੇ ਹਾਂ, ਉਸ ਨੂੰ ਕੀ ਕਹਿੰਦੇ ਹਨ?
2) ਕੀ ਤੁਸੀਂ ਆਪਣੇ ਮਾਤਾ-ਪਿਤਾ ਨੂੰ ਦਰਿਆ ਵਿਚ ਗੰਦਗੀ ਸੁੱਟਣ ਤੋਂ ਰੋਕੋਗੇ
3) ਕੀ ਤੁਸੀਂ ਸੱਚ-ਮੁੱਚ ਦੇ ਪਹਾੜ ਦੇਖੇ ਨੇ ਕਿ ਟੈਲੀਵਿਜ਼ਨ ਉੱਤੇ ਦੇਖੇ ਨੇ?
4) ਤੁਸੀਂ ਕਿਹੜੀ-ਕਿਹੜੀ ਫ਼ਸਲ ਦਾ ਖੇਤ ਦੇਖਿਆ ਹੈ?
5) ਕੀ ਤੁਸੀਂ ਕੋਈ ਮਾਤ-ਭੂਮੀ ਜਾਂ ਪੰਜਾਬ ਨਾਲ਼ ਪਿਆਰ ਵਾਲਾ ਗੀਤ ਸੁਣਿਆ ਹੈ?

(ਅਧਿਆਪਕ ਯੂ ਟਿਊਬ ਤੋਂ ਕੋਈ ਆਪਣੀ ਮਾਤ-ਭੂਮੀ ਜਾਂ ਪੰਜਾਬ ਨਾਲ਼ ਪਿਆਰ ਨੂੰ ਦਰਸਾਉਂਦਾ ਗੀਤ ਸੁਣਾ ਸਕਦਾ ਹੈ)


## (ਅ) ਆਪਣੇ ਦੇਸ ਦੇ ਮਹਾਨ ਲੋਕਾਂ ਬਾਰੇ

ਸਾਡੇ ਦੇਸ ਭਾਰਤ ਵਿਚ ਬਹੁਤ ਮਹਾਨ-ਮਹਾਨ ਲੋਕ ਹੋਏ ਹਨ ਮਹਾਨ ਲੋਕ ਉਹ ਹੁੰਦੇ ਹਨ, ਜੋ ਦੂਜਿਆਂ ਲਈ ਕੋਈ ਵੱਡਾ ਕੰਮ ਕਰਦੇ ਹਨ ਉਹ ਆਪਣੇ ਲਾਭ ਬਾਰੇ ਘੱਟ ਅਤੇ ਲੋਕਾਂ ਦੇ ਭਲੇ ਬਾਰੇ ਵੱਧ ਸੋਚਦੇ ਹਨ। ਅਜਿਹੇ ਲੋਕਾਂ ਕਰਕੇ ਹੀ ਸਾਡੇ ਦੇਸ ਦਾ ਨਾਂ ਉੱਚਾ ਹੁੰਦਾ ਹੈ। ਅਜਿਹੇ ਲੋਕਾਂ ਕਰਕੇ ਦੇਸ ਅੱਗੇ ਵਧਦਾ ਹੈ। ਕੁਝ ਮਹਾਨ ਲੋਕ ਇਹ ਹਨ-



ਡਾ. ਭੀਮ ਰਾਓ ਅੰਬੇਡਕਰ ਦਾ ਜਨਮ ਅਜੋਕੇ ਮੱਧ ਪ੍ਰਦੇਸ਼ ਦੀ ਇਕ ਫ਼ੌਜੀ ਛਾਉਣੀ ਮਹੂ ਵਿਚ 1891 ਈਸਵੀ ਵਿਚ ਹੋਇਆ। ਉਹਨਾਂ ਨੇ ਕਈ ਮੁਸ਼ਕਿਲਾਂ ਦੇ ਬਾਵਜੂਦ ਸਾਰੀ ਪੜ੍ਹਾਈ ਕੀਤੀ ਪੜ੍ਹਾਈ ਕਰਨ ਲਈ ਉਹ ਬਾਹਰਲੇ ਦੇਸਾਂ ਵਿੱਚ ਵੀ ਗਏ ਸਾਡੇ ਦੇਸ ਦੀ ਕਾਨੂੰਨ ਦੀ ਕਿਤਾਬ ਨੂੰ ਸੰਵਿਧਾਨ ਕਿਹਾ ਜਾਂਦਾ ਹੈ। ਇਸ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ

ਅੰਬੇਡਕਰ ਹਨ ਉਹ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਬਣੇ। ਉਹਨਾਂ ਨੇ ਗ਼ਰੀਬਾਂ, ਮਜ਼ਦੂਰਾਂ ਅਤੇ ਔਰਤਾਂ ਲਈ ਬਹੁਤ ਸਾਰੇ ਕਾਨੂੰਨ ਬਣਾਏ। ਉਹਨਾਂ ਨੇ ਬਹੁਤ ਸਾਰੀਆਂ ਪੁਸਤਕਾਂ ਲਿਖੀਆਂ। ਉਹਨਾਂ ਨੂੰ ਸਤਿਕਾਰ ਨਾਲ਼ ਬਾਬਾ ਸਾਹਿਬ ਕਿਹਾ ਜਾਂਦਾ ਹੈ। ਸਾਨੂੰ ਉਹਨਾਂ ਦੇ ਜੀਵਨ ਤੋਂ ਸੰਘਰਸ਼ ਕਰਨ ਦੀ ਸਿੱਖਿਆ ਲੈਣੀ ਚਾਹੀਦੀ ਹੈ।




ਭਾਰਤ ਲੰਬਾ ਸਮਾ ਅੰਗਰੇਜ਼ਾਂ ਦਾ ਗ਼ੁਲਾਮ ਰਿਹਾ। ਭਾਰਤ ਨੂੰ ਅਜ਼ਾਦ ਕਰਾਉਣ ਲਈ ਬਹੁਤ ਸਾਰੇ ਲੋਕਾਂ ਨੇ ਕੋਸ਼ਿਸ਼ਾਂ ਕੀਤੀਆਂ। ਕਈਆਂ ਨੂੰ ਆਪਣੀ ਜਾਨ ਗੁਆਉਣੀ ਪਈ। ਸ. ਭਗਤ ਸਿੰਘ ਨੇ ਵੀ ਭਾਰਤ ਨੂੰ ਆਜ਼ਾਦ ਕਰਾਉਣ ਲਈ ਅੰਗਰੇਜ਼ਾਂ ਵਿਰੁੱਧ ਲੜਾਈ ਲੜੀ। ਭਗਤ ਸਿੰਘ ਦਾ ਜਨਮ 1907 ਈਸਵੀ ਵਿਚ ਪਿੰਡ ਬੰਗਾ ਜ਼ਿਲ੍ਹਾ ਲਾਇਲਪੁਰ ਵਿਚ ਹੋਇਆ। ਅੱਜ-ਕੱਲ੍ਹ ਇਹ ਜਗ੍ਹਾ ਪਾਕਿਸਤਾਨ ਵਿੱਚ ਹੈ। ਭਗਤ ਸਿੰਘ ਬੜਾ ਸਮਝਦਾਰ ਅਤੇ ਜੋਸ਼ੀਲਾ ਨੌਜਵਾਨ ਸੀ। ਅਜ਼ਾਦੀ ਦੀ ਲੜਾਈ ਵਿਚ ਭਾਗ ਲੈਣ ਕਰਕੇ ਭਗਤ ਸਿੰਘ ਨੂੰ ਉਸਦੇ ਦੋ ਸਾਥੀਆਂ ਸਮੇਤ 23 ਮਾਰਚ 1931 ਨੂੰ ਫਾਂਸੀ ਦੇ ਦਿੱਤੀ ਗਈ। ਉਸ ਦੇ ਨਾਲ਼ ਫਾਂਸੀ ਲੱਗਣ ਵਾਲੇ ਸਾਥੀ ਰਾਜਗੁਰੂ ਅਤੇ ਸੁਖਦੇਵ ਸਨ। ਭਾਰਤ ਦੀ ਅਜ਼ਾਦੀ ਲਈ ਆਪਣੀ ਜਾਨ ਵਾਰਨ ਕਰਕੇ ਭਗਤ ਸਿੰਘ ਦਾ ਨਾਂ ਬਹੁਤ ਪ੍ਰਸਿੱਧ ਹੈ।



ਮਦਰ ਟਰੇਸਾ ਦਾ ਜਨਮ 1910 ਵਿਚ ਅਲਬਾਨੀਆ ਦੇਸ਼ ਵਿਚ ਹੋਇਆ। ਬਾਅਦ ਵਿਚ ਉਹ ਭਾਰਤ ਆ ਗਏ। ਭਾਰਤ ਦੇ ਕੋਲਕਾਤਾ ਸ਼ਹਿਰ ਵਿਚ ਉਹਨਾਂ ਨੇ ਇਕ ਸੰਸਥਾ ਬਣਾ ਕੇ

ਗ਼ਰੀਬ, ਬੀਮਾਰ ਅਤੇ ਬੇਸਹਾਰਾ ਲੋਕਾਂ ਦੀ 45 ਸਾਲ ਤੱਕ ਸੇਵਾ ਕੀਤੀ। ਭਾਰਤ ਸਰਕਾਰ ਉਸ ਦਾ ਬਹੁਤ ਸਤਿਕਾਰ ਕਰਦੀ ਸੀ। ਦੁਨੀਆ ਭਰ ਵਿੱਚੋਂ ਉਸ ਨੂੰ ਵੱਡੇ-ਵੱਡੇ ਇਨਾਮ ਸਨਮਾਨ ਮਿਲ਼ੇ ਸਨ। ਕੋਲਕਾਤਾ ਵਿਚ ਹੀ 1997 ਵਿਚ ਉਹਨਾਂ ਦੀ ਮੌਤ ਹੋ ਗਈ। ਸਾਨੂੰ ਉਹਨਾਂ ਦੇ ਜੀਵਨ ਤੋਂ ਗ਼ਰੀਬ ਅਤੇ ਬੇਸਹਾਰਾ ਲੋਕਾਂ ਦੀ ਸੇਵਾ ਕਰਨ ਦੀ ਸਿੱਖਿਆ ਲੈਣੀ ਚਾਹੀਦੀ ਹੈ।



ਡਾ. ਏ.ਪੀ.ਜ਼ੇ. ਅਬਦੁਲ ਕਲਾਮ ਇਕ ਪ੍ਰਸਿੱਧ ਵਿਗਿਆਨੀ ਸਨ। ਉਹਨਾਂ ਦਾ ਜਨਮ 1931 ਈਸਵੀ ਵਿਚ ਤਾਮਿਲਨਾਡੂ ਰਾਜ ਵਿਚ ਹੋਇਆ। ਉਹ ਇਕ ਗ਼ਰੀਬ ਪਰਿਵਾਰ ਵਿਚ ਪੈਦਾ ਹੋਏ ਉਹ ਬਚਪਨ ਤੋਂ ਹੀ ਪੜ੍ਹਾਈ ਦੇ ਨਾਲ਼-ਨਾਲ਼ ਪਰਿਵਾਰ ਨਾਲ਼ ਕੰਮ ਵੀ ਕਰਾਉਂਦੇ ਸਨ। ਉਹ 2002 ਤੋਂ 2007 ਤੱਕ ਭਾਰਤ ਦੇ ਰਾਸ਼ਟਰਪਤੀ ਰਹੇ ਉਹਨਾਂ ਨੇ ਕੁਝ ਬਹੁਤ ਵਧੀਆ ਪੁਸਤਕਾਂ ਵੀ ਲਿਖੀਆਂ। ਉਹ ਭਾਵੇਂ ਬਹੁਤ ਮਹਾਨ ਆਦਮੀ ਸਨ, ਪਰ ਉਹਨਾਂ ਦਾ ਰਹਿਣ-ਸਹਿਣ ਬਹੁਤ ਸਾਦਾ ਸੀ। ਉਹਨਾਂ ਨੂੰ ਭਾਰਤ ਦੇ ਵੱਡੇ-ਵੱਡੇ ਇਨਾਮ-ਸਨਮਾਨ ਮਿਲੇ। 2015 ਈਸਵੀ ਵਿਚ ਉਹਨਾਂ ਦੀ ਮੌਤ ਹੋ ਗਈ। ਸਾਨੂੰ ਉਹਨਾਂ ਦੇ ਜੀਵਨ ਤੋਂ ਮਿਹਨਤ, ਸਾਦਗੀ ਅਤੇ ਉੱਚੇ ਵਿਚਾਰ ਰੱਖਣ ਦੀ ਸਿੱਖਿਆ ਮਿਲ਼ਦੀ ਹੈ।

**ਸਾਰੇ ਮਹਾਨ ਲੋਕਾਂ ਦੇ ਜੀਵਨ ਬਾਰੇ ਇਹ ਸਤਰਾਂ ਬੜੀਆਂ ਦਰੁਸਤ ਲੱਗਦੀਆਂ ਨੇ :**

ਆਪਣੇ ਸੁੱਖ ਦੀ ਫ਼ਿਕਰ ਕਦੇ ਉਹ ਨਹੀਂ ਕਰਦੇ।
ਲੋਕਾਂ ਲਈ ਨੇ ਜਿਉਂਦੇ ਲੋਕਾਂ ਲਈ ਮਰਦੇ।

**ਮੌਖਿਕ ਪ੍ਰਸ਼ਨ:**

1) ਮਹਾਨ ਲੋਕ ਕੌਣ ਹੁੰਦੇ ਹਨ?
2) ਆਪਣੇ ਦੇਸ਼ ਦੇ ਮਹਾਨ ਲੋਕਾਂ ਨੂੰ ਕਿਉਂ ਯਾਦ ਰੱਖਣਾ ਚਾਹੀਦਾ ਹੈ?
3) ਖ਼ਾਲੀ ਥਾਂਵਾਂ ਭਰੋ:

   ਆਪਣੇ ਸੁੱਖ ਦੀ ਫ਼ਿਕਰ ਕਦੇ ਉਹ ਨਹੀਂ ਕਰਦੇ।

   ..........................................................................
4) ਮਿਲਾਨ ਕਰੋ:

| | |
|---|---|
| ਸੰਵਿਧਾਨ | ਏ.ਪੀ.ਜੇ. ਅਬਦੁਲ ਕਲਾਮ |
| ਸੇਵਾ | ਡਾ. ਬੀ. ਆਰ. ਅੰਬੇਡਕਰ |
| ਫਾਂਸੀ | ਮਦਰ ਟਰੇਸਾ |
| ਵਿਗਿਆਨ | ਸ਼ਹੀਦ ਭਗਤ ਸਿੰਘ |

5) ਇਹਨਾਂ ਮਹਾਨ ਲੋਕਾਂ ਤੋਂ ਇਲਾਵਾ ਤੁਸੀਂ ਦੇਸ ਦੇ ਹੋਰ ਕਿਹੜੇ ਮਹਾਨ ਲੋਕਾਂ ਦਾ ਨਾਂ ਲੈ ਸਕਦੇ ਹੋ?

(ਅਖ਼ੀਰ ਵਿਚ ਅਧਿਆਪਕ ਉਪਰੋਕਤ ਚਾਰ ਸ਼ਖ਼ਸੀਅਤਾਂ ਸਮੇਤ ਦੇਸ਼ ਦੀਆਂ ਹੋਰ ਮਹਾਨ ਸ਼ਖ਼ਸੀਅਤਾਂ ਬਾਰੇ ਜਾਣਨ ਦੀ ਉਤਸੁਕਤਾ ਪੈਦਾ ਕਰੇਗਾ ਉਹ ਵਿਦਿਆਰਥੀਆਂ ਨੂੰ ਰੀਡਿੰਗ ਕਾਰਨਰ ਵਿਚ ਲਿਜਾ ਕੇ ਦੇਸ਼ ਦੇ ਮਹਾਨ ਲੋਕਾਂ ਨਾਲ਼ ਸੰਬੰਧਤ ਕਿਤਾਬਾਂ ਦਿਖਾ ਕੇ ਮਹਾਨ ਲੋਕਾਂ ਦੀ ਕੁਝ ਕੁ ਨਾਵਾਂ ਦੀ ਇਕ ਲਿਸਟ ਤਿਆਰ ਕਰੇਗਾ।

## (ੲ) ਪਿਆਰ ਹੋਣਾ ਚਾਹੀਦੈ

ਇਹੋ ਜਿਹਾ ਸਾਡਾ ਸੰਸਾਰ ਹੋਣਾ ਚਾਹੀਦੈ
ਹਰ ਪਾਸੇ ਪਿਆਰ ਹੀ ਪਿਆਰ ਹੋਣਾ ਚਾਹੀਦੈ
ਮਿਲ਼-ਜੁਲ਼ ਰਹਿਣ ਦਾ ਨਜ਼ਾਰਾ ਬੜਾ ਆਉਂਦਾ ਏ
ਖ਼ੁਸ਼ੀਆਂ 'ਚ ਦਿਲ ਉਦੋਂ ਗਾਣੇ ਜਿਹੇ ਗਾਉਂਦਾ ਏ
ਇਕ ਦੂਜੇ ਉੱਤੇ ਇਤਬਾਰ ਹੋਣਾ ਚਾਹੀਦੈ
ਇਹੋ ਜਿਹਾ ਸਾਡਾ......



ਕਦੇ ਨਾ ਕਿਸੇ ਦੇ ਨਾਲ਼ ਕੌੜਾ ਬੋਲ ਬੋਲੀਏ
ਬੋਲਣ ਤੋਂ ਪਹਿਲਾਂ ਹਰ ਬੋਲ ਸਦਾ ਤੋਲੀਏ
ਈਰਖਾ ਤੇ ਵੈਰ ਦਿਲੋਂ ਬਾਰ੍ਹ ਹੋਣਾ ਚਾਹੀਦੈ
ਇਹੋ ਜਿਹਾ ਸਾਡਾ ......
ਦੂਜਿਆਂ ਦੇ ਬਾਰੇ ਵੀ ਤਾਂ ਚੰਗਾ ਚੰਗਾ ਸੋਚੀਏ
ਆਪਣੇ ਹੀ ਵਾਸਤੇ ਨਾ ਸਾਰਾ ਕੁਝ ਲੋਚੀਏ
ਹਰ ਇਕ ਦਾ ਹੀ ਬੇੜਾ ਪਾਰ ਹੋਣਾ ਚਾਹੀਦੈ
ਇਹੋ ਜਿਹਾ ਸਾਡਾ......
ਜੰਗਾਂ ਤੇ ਲੜਾਈਆਂ ਵਿਚ ਕੱਖ ਨਹੀਓਂ ਰੱਖਿਆ
ਦੱਸਦੇ ਨੇ ਜਿਨ੍ਹਾਂ ਨੇ ਸੁਆਦ ਹੈ ਇਹ ਚੱਖਿਆ
ਦੁਨੀਆ ਇਹ ਇੱਕ ਪਰਿਵਾਰ ਹੋਣਾ ਚਾਹੀਦੈ
ਇਹੋ ਜਿਹਾ ਸਾਡਾ.....



**ਮੌਖਿਕ ਪ੍ਰਸ਼ਨ:**

1) ਸਾਰਾ ਸੰਸਾਰ ਕਿਹੋ ਜਿਹਾ ਹੋਣਾ ਚਾਹੀਦਾ ਹੈ?
ੳ) ਜਿੱਥੇ ਪਿਆਰ ਹੀ ਪਿਆਰ ਹੋਵੇ
ਅ) ਜਿੱਥੇ ਜੰਗ ਲੱਗੀ ਹੋਵੇ

2) ਸਾਨੂੰ ਕੀ ਬੋਲਣਾ ਚਾਹੀਦਾ ਹੈ?
ੳ) ਜੋ ਮੂੰਹ ਵਿਚ ਆਵੇ
ਅ) ਸਿਰਫ਼ ਚੰਗੇ ਬੋਲ

3) ਇਹ ਦੁਨੀਆ ਇਕ ਪਰਿਵਾਰ ਵਾਂਗ ਕਦੋਂ ਹੋਵੇਗੀ?
ੳ) ਜਦੋਂ ਸਾਰੇ ਲੋਕ ਪਿਆਰ ਨਾਲ਼ ਰਹਿਣਗੇ
ਅ) ਜਦੋਂ ਲੋਕ ਇੱਕ-ਦੂਜੇ ਦੀ ਪਰਵਾਹ ਨਹੀਂ ਕਰਨਗੇ

(ਅਧਿਆਪਕ ਵਿਦਿਆਰਥੀਆਂ ਨੂੰ ਆਪਸ ਵਿਚ ਪਿਆਰ ਨਾਲ਼ ਰਹਿਣ ਦੀ ਲੋੜ ਅਤੇ ਮਹੱਤਤਾ ਬਾਰੇ ਦੱਸੇਗਾ ਉਹ ਉਹਨਾਂ ਨੂੰ ਜੰਗਾਂ ਵਿਚ ਹੋਈ ਤਬਾਹੀ ਬਾਰੇ ਦੱਸ ਕੇ ਪਿਆਰ ਨਾਲ਼ ਰਹਿਣ ਦਾ ਸੰਦੇਸ਼ ਦੇਵੇਗਾ)

# ਪਾਠ 5

# ਰੁੱਖਾਂ ਨਾਲ਼ ਪਿਆਰ

## (ੳ) ਆਓ ਰੁੱਖਾਂ ਨੂੰ ਮਿਲ਼ੀਏ

*(ਅਧਿਆਪਕ ਮੌਖਿਕ ਰੂਪ ਵਿੱਚ ਕਹਾਣੀ ਸੁਣਾਏਗਾ)*

**ਅਮਰੂਦਾਂ ਦੇ ਬੂਟੇ ਨਾਲ਼ ਗੱਲਾਂ**

ਸਾਦਗੀ ਪਹਿਲੀ ਤੇ ਸੁਖਨ ਅੱਠਵੀਂ ਦੀ ਪਰੀਖਿਆ ਦੇ ਕੇ ਵਿਹਲੇ ਸਨ ਉਹ ਆਪਣੇ ਘਰ ਦੇ ਕਿਚਨ-ਗਾਰਡਨ 'ਚ ਖੇਡ ਰਹੇ ਸਨ।

ਸਾਦਗੀ ਨੇ ਆਪਣੇ ਭਰਾ ਸੁਖਨ ਨੂੰ ਕਿਹਾ ,

ਵੀਰੇ , ਪੌਦੇ ਆਪਣੇ ਰਿਸ਼ਤੇਦਾਰਾਂ ਨੂੰ ਵੀ ਸਿਆਣ ਲੈਂਦੇ ਨੇ , ਇਹ ਆਪਣੇ ਵਰਗੇ ਨੇ !



"ਤੈਨੂੰ ਕਿਵੇਂ ਪਤੈ ?"

"ਸੁਖਨ ਨੇ ਹੈਰਾਨੀ ਨਾਲ਼ ਪੁੱਛਿਆ।"

"ਵੀਰੇ ਮੈਂ ਕਿਤਾਬ 'ਚ ਪੜ੍ਹਿਐ"

"ਆ ਆਪਾਂ ਇਹਦੇ ਨਾਲ਼ ਗੱਲਾਂ ਕਰੀਏ !"

"ਅਮਰੂਦਾਂ ਦੇ ਬੂਟਾ ਸਿੰਘ ਜੀ, ਕੀ ਹਾਲ ਐ ?"

ਪੌਦਾ ਸੱਜੇ ਖੱਬੇ ਹਿੱਲਿਆ ਦੋਨੋਂ ਭੈਣ ਭਰਾ ਹੈਰਾਨ ਹੋਏ

"ਪੌਦਾ ਠੀਕ ਨਹੀਂ"

"ਪੌਦਾ ਸਿੰਘ ਜੀ ਪਾਣੀ ਪੀਓਂਗੇ ?"

ਅਮਰੂਦਾਂ ਦਾ ਬੂਟਾ ਦੋਹਾਂ ਵੱਲ ਝੁਕਦਿਆਂ ਹਿੱਲਿਆ। ਸਾਦਗੀ ਉੱਠੀ ਕੋਲ ਹੀ ਸਾਬਣ ਦੇ ਘੋਲ ਦਾ ਪਾਣੀ ਪਿਆ ਸੀ। ਉਹਦੀ ਮਾਂ ਕੱਪੜੇ ਧੋ ਕੇ ਹਟੀ ਸੀ।

"ਪੌਦਾ ਸਿੰਘ ਜੀ ਸਾਬਣ ਵਾਲਾ ਪਾਣੀ ਪੀਓਂਗੇ ?"

ਪੌਦਾ ਸੱਜੇ ਖੱਬੇ ਹਿੱਲਿਆ ਸਾਦਗੀ ਨੇ ਸੁਖਨ ਨੂੰ ਕਿਹਾ ,

"ਵੀਰ ਜੀ, ਅਮਰੂਦਾਂ ਦਾ ਬੂਟਾ ਆਖਦੈ, ਮੈਂ ਸਾਬਣ ਵਾਲਾ ਪਾਣੀ ਨਹੀਂ ਪੀਣਾ, ਇਹਦੇ ਨਾਲ਼ ਮੈਂ ਬਿਮਾਰ ਹੋ ਜਾਵਾਂਗਾ।"

"ਸਾਫ਼ ਪਾਣੀ ਪੀਓਂਗੇ ਪੌਦਾ ਸਿੰਘ ਜੀ ?"

"ਹਾਂ ਹਾਂ .." ਪੌਦਾ ਹਿੱਲਿਆ ਸਾਦਗੀ ਨੇ ਟੂਟੀ ਤੋਂ ਸਾਫ਼ ਪਾਣੀ ਫੁਹਾਰੇ 'ਚ ਭਰਿਆ ਤੇ

ਅਮਰੂਦਾਂ ਦੇ ਬੂਟੇ ਨੂੰ ਪਾ ਦਿੱਤਾ।

"ਵੀਰੇ, ਆਪਾਂ ਪੌਦੇ ਨੂੰ ਨਹਾਈਏ ? ਗੰਦਾ ਹੋਇਆ ਪਿਐ !"

"ਪਹਿਲਾਂ ਪੁੱਛ ਤਾਂ ਲਈਏ ਇਹਨੂੰ .."

"ਪੌਦਾ ਲਾਲ ਜੀ ਨਹਾਓਂਗੇ ?" ਸਾਦਗੀ ਨੇ ਹੱਸਦਿਆਂ ਪੁੱਛਿਆ।

ਅਮਰੂਦਾਂ ਦਾ ਬੂਟਾ ਫਿਰ ਹਿੱਲਿਆ। ਦੋਹਾਂ ਨੂੰ ਚਾਅ ਚੜ੍ਹ ਗਿਆ।

ਉਹ ਦੋਹੇਂ ਫੁਹਾਰੇ ਨਾਲ਼ ਅਮਰੂਦਾਂ ਦੇ ਬੂਟੇ ਨੂੰ ਨੁਹਾਉਣ ਲੱਗੇ ਇੱਕ-ਇੱਕ ਪੱਤਾ ਨਿੱਖਰ ਗਿਆ।

"ਪੌਦਾ ਰਾਮ ਜੀ।"

ਅਮਰੂਦਾਂ ਦਾ ਬੂਟਾ ਚੁੱਪ ਰਿਹਾ

"ਮਿੱਠੇ-ਮਿੱਠੇ ਅਮਰੂਦਾਂ ਵਾਲੇ ਬੂਟਾ ਸਿੰਘ ਜੀ ਬੋਲੋ ਕੁਝ !"

ਪੌਦਾ ਹਿੱਲਿਆ

"ਤੁਹਾਨੂੰ ਮੇਰੇ ਮੰਮੀ ਜੀ ਚੰਗੇ ਲਗਦੇ ਨੇ ?"

"ਹਾਂ ਹਾਂ "

ਪੌਦੇ ਨੇ ਸਿਰ ਹਿਲਾਇਆ

"ਮੇਰੇ ਡੈਡੀ ?"

"ਹਾਂ ਹਾਂ "

"ਮੇਰੇ ਦਾਦੀ ਜੀ ?"

"ਹਾਂ ਹਾਂ "

"ਤੇ ਮੇਰੇ ਦਾਦਾ ਜੀ ?"

ਪੌਦਾ ਪੂਰੇ ਜ਼ੋਰ ਨਾਲ਼ ਹਿੱਲਿਆ ਜਿਵੇਂ ਕਹਿ ਰਿਹਾ ਹੋਵੇ , "ਬਹੁਤ ਵਧੀਆ-ਬਹੁਤ ਵਧੀਆ !"

"ਕਿਉਂ ਵੀਰੇ , ਅਮਰੂਦਾਂ ਦਾ ਬੂਟਾ ਆਪਣੇ ਦਾਦਾ ਜੀ ਨੂੰ ਸਭ ਤੋਂ ਵੱਧ ਪਸੰਦ ਕਰਦੈ !" ਸਾਦਗੀ ਨੇ ਸੁਖਨ ਵੱਲ ਦੇਖਦਿਆਂ ਕਿਹਾ

"ਕਰੇ ਵੀ ਕਿਉਂ ਨਾ , ਅਮਰੂਦਾਂ ਦੇ ਇਸ ਪੌਦੇ ਨੂੰ ਦਾਦਾ ਜੀ ਨੇ ਤਾਂ ਲਗਵਾਇਆ ਹੈ !"

ਸੁਖਨ ਤੇ ਸਾਦਗੀ ਅਮਰੂਦਾਂ ਦੇ ਬੂਟੇ ਨਾਲ਼ ਗੱਲਾਂ ਕਰ ਰਹੇ ਸਨ

ਰਸੋਈ 'ਚੋਂ ਉਹਨਾਂ ਦੀ ਮਾਂ ਨੇ ਰੋਟੀ ਖਾਣ ਲਈ ਅਵਾਜ਼ ਮਾਰੀ

ਸਾਦਗੀ ਨੇ ਭੋਲ਼ੇਪਣ ਨਾਲ਼ ਕਿਹਾ,

"ਮੰਮੀ ਜੀ, ਅੱਜ ਸਾਡੇ ਨਾਲ਼ ਅਮਰੂਦਾਂ ਦਾ ਬੂਟਾ ਵੀ ਰੋਟੀ ਖਾਊਗਾ !"
ਅਮਰੂਦਾਂ ਦਾ ਪੌਦਾ ਝੂਮਿਆਂ ਜਿਵੇਂ ਆਪਣੇ ਹਾਣੀਆਂ ਦੀ ਇਸ ਗੱਲ 'ਤੇ ਹੱਸਿਆ ਹੋਵੇ

**ਅਧਿਆਪਕ ਦਾ ਕਾਰਜ :**

ਇਸ ਕਹਾਣੀ ਨੂੰ ਸੁਣਾਉਣ ਤੋਂ ਬਾਅਦ ਅਧਿਆਪਕ ਹੇਠ ਲਿਖੇ ਕੁਝ ਪ੍ਰਸ਼ਨਾਂ ਨਾਲ਼ ਆਪਣੀ ਗੱਲਬਾਤ ਸ਼ੁਰੂ ਕਰੇਗਾ ਇਹ ਸਿਰਫ ਉਦਾਹਰਨ ਵਜੋਂ ਹਨ ਅਧਿਆਪਕ ਆਪਣੀ ਸਿਰਜਾਣਤਮਿਕ ਸੂਝ ਨਾਲ਼ ਹੋਰ ਬਿਹਤਰ ਗੱਲਾਂ ਕਰ ਸਕਦਾ ਹੈ

## ਮੌਖਿਕ ਪ੍ਰਸ਼ਨ

1. ਸੁਖਨ ਨੇ ਕਿਹੜੀ ਜਮਾਤ ਦੀ ਪਰੀਖਿਆ ਦਿੱਤੀ ਸੀ ?
2. ਅਮਰੂਦਾਂ ਦਾ ਬੂਟਾ ਕਿਸ ਨੇ ਲਗਵਾਇਆ ਸੀ ?
3. ਅਮਰੂਦਾਂ ਦੇ ਪੌਦੇ ਨੂੰ ਸਾਬਣ ਵਾਲ਼ਾ ਪਾਣੀ ਕਿਉਂ ਨਹੀਂ ਪਾਉਣਾ ਚਾਹੀਦਾ ?
4. ਅਮਰੂਦਾਂ ਦਾ ਬੂਟਾ ਕਿੱਥੇ ਲੱਗਿਆ ਹੋਇਆ ਸੀ ?

**ਖ਼ਾਲੀ ਥਾਂ ਭਰੋ :**

1. ਅਮਰੂਦਾਂ ਦਾ ਬੂਟਾ .......... ਵੱਲ ਝੁਕਦਿਆਂ ਹਿੱਲਿਆ
2. ਤੁਹਾਨੂੰ ਮੇਰੇ ਮੰਮੀ ਜੀ ........ ਲਗਦੇ ਨੇ ?
3. ਰਸੋਈ 'ਚੋਂ ਉਹਨਾਂ ਦੀ ਮਾਂ ਨੇ ....... ਖਾਣ ਲਈ ਅਵਾਜ਼ ਮਾਰੀ

**ਕੁਝ ਹੋਰ ਕਿਰਿਆਵਾਂ :**

1. ਤੁਸੀਂ ਕਦੇ ਕਿਸੇ ਰੁੱਖ ਨਾਲ਼ ਗੱਲਾਂ ਕੀਤੀਆਂ ਹਨ ? ਅਮਰੂਦਾਂ ਦੇ ਬੂਟੇ ਨਾਲ਼ ਗੱਲਾਂ ਕਰਕੇ ਤੁਹਾਨੂੰ ਕਿਹੋ ਜਿਹਾ ਲੱਗਿਆ ?
2. ਤੁਹਾਨੂੰ ਕਿਹੜਾ ਰੁੱਖ ਪਸੰਦ ਹੈ ? ਜੇਕਰ ਤੁਹਾਡਾ ਨਾਂ ਕਿਸੇ ਰੁੱਖ ਦੇ ਨਾਂ 'ਤੇ ਰੱਖਣਾ ਹੋਵੇ ਤਾਂ ਤੁਹਾਨੂੰ ਕਿਹੜਾ ਨਾਂ ਚੰਗਾ ਲੱਗੇਗਾ ?
3. ਤੁਸੀਂ ਆਪਣੇ ਸਕੂਲ ਦੇ ਕਿਸੇ ਰੁੱਖ ਨਾਲ਼ ਗੱਲਾਂ ਕਰਕੇ ਦੇਖੋ, ਉਹ ਤੁਹਾਡੇ ਨਲ਼ ਗੱਲਾਂ ਕਰਕੇ ਬਹੁਤ ਖ਼ੁਸ਼ ਹੋਵੇਗਾ।

### (ਅ) ਰੁੱਖਾਂ ਨਾਲ਼ ਦੋਸਤੀ



ਪਿਆਰੇ ਬੱਚਿਓ, ਰੁੱਖਾਂ ਤੇ ਮਨੁੱਖਾਂ ਦਾ ਰਿਸ਼ਤਾ ਬਹੁਤ ਨੇੜੇ ਦਾ ਹੈ ਜਿਵੇਂ ਤੁਹਾਡਾ ਰਿਸ਼ਤਾ ਮਾਂ ਤੇ ਪਿਓ ਨਾਲ਼ ਹੈ ਤੁਸੀਂ ਆਪਣੀ ਮੰਮੀ ਨੂੰ ਕਿੰਨਾ ਪਿਆਰ ਕਰਦੇ ਹੋ? ਮੈਨੂੰ ਪਤੈ ਤੁਸੀਂ ਸਭ ਨੇ ਬਾਹਾਂ ਨੂੰ ਖੋਲ੍ਹ ਕੇ ਕਹਿਣਾ ਹੈ, "ਐਨਾ ...."

"ਡੈਡੀ ਨੂੰ ਵੀ ਤੁਸੀਂ ਓਨਾ ਹੀ ਪਿਆਰ ਕਰਦੇ ਹੋ ... ਹੈਨਾ ! ਮੈਨੂੰ ਪਤੈ ਤੁਸੀਂ ਸਾਰੇ ਬੱਚੇ ਉੱਚੀ ਅਵਾਜ਼ 'ਚ ਆਖੋਂਗੇ, "ਹਾਂ..... ਜੀ...." ਤੁਹਾਡਾ ਇਹ ਹਾਂ ਜੀ ਸਾਨੂੰ ਅਧਿਆਪਕਾਂ ਨੂੰ ਇਉਂ ਹੀ ਲਗਦੈ ਜਿਵੇਂ ਗਰਮੀ ਦੇ ਦਿਨਾਂ 'ਚ ਹਵਾ ਦਾ ਬੁੱਲਾ ਆ ਗਿਆ ਹੋਵੇ

"ਹਵਾ ਦਾ ਬੁੱਲਾ ਕਿੱਥੋਂ ਆਉਂਦੈ ਭਲਾ?"

"ਰੁੱਖਾਂ ਤੋਂ ..." ਸਾਰੇ ਬੱਚੇ ਬਹੁਤ ਉੱਚੀ ਅਵਾਜ਼ 'ਚ ਆਖਦੇ ਹਨ

"ਬਿਲਕੁਲ ! ਜਿਵੇਂ ਕਈ ਵਾਰ ਮਾਂ ਆਪਣੇ ਬੱਚੇ ਨੂੰ ਪੱਖੀ ਝੱਲ ਕੇ ਹਵਾ ਦਿੰਦੀ ਹੈ, ਇਹ ਰੁੱਖ ਵੀ ਉਵੇਂ ਹੀ ਹਵਾ ਦਿੰਦੇ ਨੇ ..."

ਸਾਰੇ ਬੱਚੇ ਮੁਸਕਰਾ ਰਹੇ ਹੋ ਵਧੀਆ ਗੱਲ ਹੈ। ਹਵਾ ਸਭ ਨੂੰ ਚੰਗੀ ਲਗਦੀ ਹੈ। ਚਲੋ ਹੁਣ ਇਉਂ ਦੱਸੋ, "ਰੁੱਖ ਸਾਨੂੰ ਹੋਰ ਕੀ ਕੀ ਦਿੰਦੇ ਨੇ ?"

"ਬਾਲਣ ਦਿੰਦੇ ਨੇ ਜੀ, ਮੇਰੀ ਮਾਂ ਚੁੱਲ੍ਹੇ 'ਤੇ ਰੋਟੀਆਂ ਪਕਾਉਂਦੀ ਐ... ਉਦੋਂ ਉਹ ਲੱਕੜਾਂ ਹੀ ਡਾਹੁੰਦੀ ਐ ..." ਇੱਕ ਨਹੀਂ, ਤੁਸੀਂ ਕਈ ਬੱਚੇ ਇਹੋ ਆਖੋਂਗੇ ਤੁਹਾਡੀ ਗੱਲ ਸਹੀ ਹੈ। ਰੁੱਖ ਗਰਮੀ ਲਈ ਹਵਾ ਤੇ ਛਾਂ ਦਿੰਦੇ ਨੇ ਤੇ ਰੋਟੀ-ਸਬਜ਼ੀ ਬਣਾਉਣ ਲਈ ਬਾਲਣ।



"ਸਿਆਲਾਂ 'ਚ ਠੰਢ ਤੋਂ ਬਚਣ ਲਈ ਅੱਗ ਸੇਕਦੇ ਹਾਂ ਜੀ" ਇੱਕ ਹੋਰ ਬੱਚਾ ਖੜ੍ਹਾ ਹੋ ਕੇ ਆਖਦਾ ਹੈ ਪਿੱਛੇ ਕਈ ਬੱਚੇ ਬੋਲਦੇ ਨੇ,

"ਹਾਂ ਜੀ, ਹਾਂ ਜੀ"

"ਹੋਰ ਦੱਸੋ ?"

"ਫਲ਼-ਫਰੂਟ ਵੀ ਦਿੰਦੇ ਨੇ ਜੀ"

"ਬਿਲਕੁਲ ਠੀਕ ! ਚਲੋ ਹੁਣ ਆਪੋ–ਆਪਣੀ
ਪਸੰਦ ਦੇ ਫਲ਼ ਦੱਸੋ ?"

" ਅੰਬ "

" ਸੇਬ "

" ਕਿੰਨੂ "

" ਅਮਰੂਦ "

" ਬੇਰ "

" ਤੂਤੀਆਂ "

ਮੈਨੂੰ ਪਤੈ, ਹੁਣ ਤੁਸੀਂ ਕਈ ਚੀਕੂ, ਅਨਾਰ, ਨਾਸ਼ਪਤੀਆਂ ਤੇ ਕੇਲਿਆਂ ਦਾ ਨਾਂ ਵੀ ਲਓਂਗੇ ਚੰਗਾ ਹੁਣ ਇਉਂ ਦੱਸੋ, "ਇਹ ਫਲ਼ ਕੌਣ ਦਿੰਦਾ ਤੁਹਾਨੂੰ ?"

" ਮੇਰਾ ਡੈਡੀ ਲਿਆ ਕੇ ਦਿੰਦਾ ਜੀ…"

"ਮੇਰੀ ਮਾਂ ਸਾਈਕਲ ਵਾਲ਼ੇ ਤੋਂ ਦਿਵਾਉਂਦੀ ਐ ਜੀ…" ਕਈਆਂ ਨੂੰ ਦਾਦਾ–ਦਾਦੀ ਵੀ ਖ਼ਰੀਦ ਕੇ ਦਿੰਦੇ ਨੇ।

"ਪਰ ਇਹ ਫਲ਼ ਲਗਦੇ ਕਿੱਥੇ ਨੇ ?"

" ਰੁੱਖਾਂ–ਪੌਦਿਆਂ 'ਤੇ…" ਹੁਣ ਸਾਰੇ ਇੱਕੋ ਤੇ ਉੱਚੀ ਅਵਾਜ਼ 'ਚ ਤੁਸੀਂ ਆਖੋਂਗੇ।

" ਸੱਚਮੁਚ ! ਇਹ ਸਾਰੇ ਫਲ਼ ਸਾਨੂੰ ਰੁੱਖ ਹੀ ਦਿੰਦੇ ਨੇ "

" ਹਾਂ… ਜੀ…." ਆ ਗਿਆ ਹਵਾ ਦਾ ਬੁੱਲ੍ਹਾ ਹੁਣ ਤੁਸੀਂ ਸਾਰੇ ਹੱਸੋਂਗੇ ਹੱਸਣਾ ਚਾਹੀਦਾ ਹੈ ਹੱਸਣ ਨਾਲ਼ ਕਸਰਤ ਹੁੰਦੀ ਹੈ ਮਨ ਖ਼ੁਸ਼ ਹੁੰਦਾ ਹੈ

ਮੈਂ ਤੁਹਾਨੂੰ ਸ਼ੁਰੂ 'ਚ ਕਿਹਾ ਸੀ ਨਾ ਕਿ ਰੁੱਖਾਂ ਨਾਲ਼ ਮਨੁੱਖਾਂ ਦਾ ਰਿਸ਼ਤਾ ਬਹੁਤ ਨੇੜੇ ਦਾ, ਬਿਲਕੁਲ ਉਵੇਂ ਜਿਵੇਂ ਬੱਚਿਆਂ ਦਾ ਮਾਂ–ਬਾਪ ਨਾਲ਼ ਤੇ ਭੈਣ–ਭਰਾਵਾਂ ਦਾ ਆਪਸ ਵਿਚ ਹੁੰਦਾ ਹੈ। ਰੁੱਖ ਸਾਨੂੰ ਕਿੰਨਾ ਕੁਝ ਦਿੰਦੇ ਹਨ ਤੇ ਫਿਰ ਜਿਵੇਂ ਮਾਂ–ਪਿਉ ਤੁਹਾਨੂੰ ਤੇ ਤੁਸੀਂ ਆਪਣੇ ਮਾਪਿਆਂ ਨੂੰ ਪਿਆਰ ਕਰਦੇ ਹੋ ਉਵੇਂ ਸਾਨੂੰ ਰੁੱਖਾਂ ਨਾਲ਼ ਪਿਆਰ ਕਰਨਾ ਚਾਹੀਦੈ, ਹੈਨਾ ?

" ਹਾਂ …ਜੀ …" ਦੀ ਇਹ ਅਵਾਜ਼ ਅਧਿਆਪਕ ਦੇ ਦਿਲ ਨੂੰ ਠਾਰ ਦਿੰਦੀ ਹੈ ਰੁੱਖ ਸਾਨੂੰ ਕਿੰਨਾ ਪਿਆਰ ਕਰਦੇ ਨੇ, ਸਾਨੂੰ ਕਿੰਨਾ ਕੁਝ ਦਿੰਦੇ ਨੇ

**ਅਧਿਆਪਕ ਦਾ ਕਾਰਜ :**

- ਵਿਦਿਆਰਥੀਆਂ ਨੂੰ ਘਰ ਤੋਂ ਰੁੱਖਾਂ ਦੇ ਨਾਮ ਲਿਖਣ ਲਈ ਕਹੇਗਾ।
- ਇਹਨਾਂ ਰੁੱਖਾਂ ਬਾਰੇ ਆਪਣੇ ਪਿਤਾ, ਮਾਤਾ ਜਾਂ ਦਾਦਾ, ਦਾਦੀ ਨਾਲ਼ ਗੱਲਾਂ ਕਰਕੇ ਲਿਖ ਕੇ ਲਿਆਉਣ ਲਈ ਕਹੇਗਾ।

**(ੲ) ਰੁੱਖ ਲਗਾਓ, ਆਪਣੇ-ਆਪ ਨੂੰ ਬਚਾਓ**

**ਵਾਰਤਾਲਾਪ**

ਅਧਿਆਪਕ : ਪਿਆਰੇ ਵਿਦਿਆਰਥੀਓ, ਸਤਿ ਸ੍ਰੀ ਅਕਾਲ !

ਵਿਦਿਆਰਥੀ : ਸਤਿ ਸ੍ਰੀ ਅਕਾਲ ਜੀ !( ਸਾਰੇ ਰਲ਼ ਕੇ ਉੱਚੀ ਅਵਾਜ਼ ਵਿਚ ਬੋਲਦੇ ਹਨ)

ਅਧਿਆਪਕ : ਆਪਾਂ ਅੱਜ ਫੇਰ ਰੁੱਖਾਂ ਦੀਆਂ ਗੱਲਾਂ ਕਰਾਂਗੇ ਤੁਸੀਂ ਸਾਰੇ ਰੁੱਖਾਂ ਦੇ ਨਾਂ ਲਿਖ ਕੇ ਲਿਆਏ ਹੋ ?

ਵਿਦਿਆਰਥੀ : ਹਾਂ ਜੀ

ਅਧਿਆਪਕ : ਇੱਕ-ਇੱਕ ਕਰ ਕੇ ਸਾਰੇ ਆਪੋ-ਆਪਣੀ ਕਾਪੀ ਉੱਤੇ ਲਿਖੇ ਪਹਿਲੇ ਰੁੱਖ ਦਾ ਤੇ ਆਖਰੀ ਰੁੱਖ ਦਾ ਨਾਂ ਮੈਨੂੰ ਦੱਸਣਗੇ।

(ਵਿਦਿਆਰਥੀ ਇੱਕ-ਇੱਕ ਕਰਕੇ ਨਾਂ ਦੱਸਣਗੇ ਅਤੇ ਅਧਿਆਪਕ ਉਹਨਾਂ ਰੁੱਖਾਂ ਦੇ ਨਾਂ ਬਲੈਕ-ਬੋਰਡ ਉੱਤੇ ਨਾਲ਼ੋ-ਨਾਲ਼ ਲਿਖਦਾ ਜਾਵੇਗਾ। ਬਹੁਤੇ ਨਾਂ ਵਾਰ-ਵਾਰ ਵੀ ਆ ਸਕਦੇ ਹਨ। ਅਧਿਆਪਕ ਉਹਨਾਂ ਨੂੰ ਵੀ ਲਿਖੇਗਾ। ਇਸ ਤਰ੍ਹਾਂ ਕੁਝ ਰੁੱਖਾਂ ਦੇ ਨਾਮ ਰਹਿ ਵੀ ਜਾਣਗੇ। ਅਧਿਆਪਕ ਉਹਨਾਂ ਦੇ ਨਾਂ ਬੋਲੇਗਾ ਤੇ ਬੱਚਿਆਂ ਤੋਂ ਪੁੱਛੇਗਾ ਕਿ ਇਹ ਨਾਂ ਕਿਸ-ਕਿਸ ਨੇ ਲਿਖਿਆ ਹੈ ਬੋਰਡ ਭਰ ਜਾਵੇਗਾ। ਅਧਿਆਪਕ ਇਸ ਗਤੀਵਿਧੀ ਨੂੰ ਰੌਚਿਕ ਬਣਾਉਣ ਲਈ ਰੁੱਖਾਂ ਦੇ ਨਾਂ ਇਸ ਤਰ੍ਹਾਂ ਲਿਖੇ ਕਿ ਬੋਰਡ ਉੱਤੇ ਰੁੱਖ ਦਾ ਅਕਾਰ ਬਣ ਜਾਵੇ।)

ਇਸ ਤਰ੍ਹਾਂ ਗੱਲ-ਬਾਤ ਦੀ ਵਿਧੀ ਰਾਹੀਂ ਅਧਿਆਪਕ ਵਿਦਿਆਰਥੀਆਂ ਨੂੰ ਰੁੱਖਾਂ ਦੇ ਮਹੱਤਵ ਬਾਰੇ ਦੱਸੇਗਾ। ਰੋਟੀ, ਕੱਪੜਾ ਤੇ ਮਕਾਨ ਕਿਸੇ ਮਨੁੱਖ ਦੀ ਮੁਢਲੀ ਲੋੜ ਹੈ। ਇਹ ਤਿੰਨੇ ਹੀ ਸਾਨੂੰ ਰੁੱਖਾਂ ਤੋਂ ਪ੍ਰਾਪਤ ਹੁੰਦੇ ਹਨ। ਇਸ ਸੰਬੰਧੀ ਅਧਿਆਪਕ ਆਪਣੇ ਤਰੀਕੇ ਨਾਲ਼ ਇਹਨਾਂ ਤਿੰਨਾਂ ਲੋੜਾਂ ਦੀ ਪੂਰਤੀ ਰੁੱਖ ਕਿਵੇਂ ਕਰਦੇ ਹਨ, ਦੱਸੇਗਾ।

ਰੁੱਖਾਂ ਤੋਂ ਸਾਨੂੰ ਆਕਸੀਜਨ ਮਿਲ਼ਦੀ ਹੈ। ਰੁੱਖ ਮਿੱਟੀ ਨੂੰ ਖੁਰਨ ਤੋਂ ਵੀ ਬਚਾਉਂਦੇ ਹਨ। ਪੰਛੀ ਰੁੱਖਾਂ 'ਤੇ ਆਲ੍ਹਣੇ ਬਣਾਉਂਦੇ ਹਨ। ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਕਰਦੇ ਹਨ। ਸਾਡੇ ਆਲ਼ੇ-ਦੁਆਲ਼ੇ ਨੂੰ ਖ਼ੂਬਸੂਰਤ ਬਣਾਉਂਦੇ ਹਨ।

## ਪਾਠ 6

# ਸਬਰ ਸੰਤੋਖ

### (ੳ) ਸਭ ਨਾਲ਼ੋਂ ਵੱਡਾ ਅਹੁਦਾ

*ਅਧਿਆਪਕ ਵਿਦਿਆਰਥੀਆਂ ਨੂੰ ਤਸਵੀਰਾਂ ਦੀ ਵਿਆਖਿਆ ਕਰਨ ਉਪਰੰਤ ਕਹਾਣੀ ਸੁਣਾਏਗਾ*




ਜੰਗਲ 'ਚ ਸਾਰੇ ਜਾਨਵਰ ਖ਼ੁਸ਼ੀ-ਖ਼ੁਸ਼ੀ ਰਹਿ ਰਹੇ ਸਨ। ਇੱਕ ਦਿਨ ਲੂੰਬੜੀ ਨੇ ਸ਼ੇਰ ਨੂੰ ਦੱਸਿਆ ਕਿ ਜੰਗਲ 'ਚ ਤੁਹਾਡੇ ਖ਼ਿਲਾਫ਼ ਸਾਜ਼ਿਸ਼ ਚੱਲ ਰਹੀ ਹੈ। ਸਾਰੇ ਪਸ਼ੂ-ਪੰਛੀ ਤੁਹਾਨੂੰ ਮਾਰ ਕੇ ਕਿਸੇ ਹੋਰ ਨੂੰ ਰਾਜਾ ਬਣਾਉਣਾ ਚਾਹੁੰਦੇ ਨੇ। ਸ਼ੇਰ ਨੇ ਜੰਗਲ 'ਚ ਢੰਡੋਰਾ ਪਿਟਵਾ ਕੇ ਸਾਰੇ ਮੁਖੀ ਸੱਦ ਲਏ। ਜਦੋਂ ਸਾਰੇ ਮੁਖੀ ਇਕੱਠੇ ਹੋ ਗਏ ਤਾਂ ਸ਼ੇਰ ਨੇ ਆਪਣੇ ਭਾਸ਼ਨ 'ਚ ਆਖਿਆ-ਮੈਂ ਹੁਣ ਬੁੱਢਾ ਹੋ ਗਿਆ ਹਾਂ ਤੇ ਆਪਣੀ ਤਾਕਤ ਸਾਰੇ ਪਸ਼ੂ-ਪੰਛੀਆਂ ਦੇ ਮੁਖੀਆਂ 'ਚ ਵੰਡ ਦੇਣਾ ਚਾਹੁੰਦਾ ਹਾਂ। ਸਾਰੇ ਮੁਖੀ ਹੈਰਾਨ ਵੀ ਹੋਏ ਤੇ ਖ਼ੁਸ਼ ਵੀ ਭਾਸ਼ਨ ਤੋਂ ਬਾਅਦ, ਸ਼ੇਰ ਨੇ ਸਾਰੇ ਮੁਖੀਆਂ ਨੂੰ ਵਿਭਾਗ ਵੰਡ ਦਿੱਤੇ। ਇੱਕ ਵਿਭਾਗ ਰਹਿ ਗਿਆ ਤਾਂ ਸ਼ੇਰ ਹੈਰਾਨ ਹੋ ਗਿਆ ਲੂੰਬੜੀ ਨੇ ਹਾਜ਼ਰੀ ਲਗਾਈ ਤਾਂ ਪਤਾ ਲੱਗਿਆ ਕਿ ਚਿੜੀਆਂ ਦੀ ਮੁਖੀ ਗ਼ੈਰ-ਹਾਜ਼ਰ ਸੀ। ਸ਼ੇਰ ਨੇ ਸੋਚਿਆ ਕਿ ਸ਼ਾਇਦ ਚਿੜੀ ਨੂੰ ਸੁਨੇਹਾ ਨਾ ਮਿਲ਼ਿਆ ਹੋਵੇ।

ਇਸ ਤੋਂ ਬਾਅਦ, ਸ਼ੇਰ ਨੇ ਸਾਰੇ ਮੁਖੀਆਂ ਨੂੰ ਭੋਜਨ ਖਵਾਇਆ। ਭੋਜਨ 'ਚ ਬੇਹੋਸ਼ ਕਰਨ ਵਾਲ਼ੀਆਂ ਜੜ੍ਹੀ-ਬੂਟੀਆਂ ਮਿਲ਼ਾਈਆਂ ਹੋਈਆਂ ਸਨ। ਇੱਕ-ਇੱਕ ਕਰਕੇ ਸਾਰੇ ਮੁਖੀ ਬੇਹੋਸ਼ ਹੋ ਗਏ। ਚਿੜੀ ਨੇੜਲੇ ਬੋਹੜ ਦੀ ਟਾਹਣੀ ਉੱਤੇ ਬੈਠੀ ਸੀ ਤੇ ਇੱਕ ਪੱਤੇ ਓਹਲੇ ਲੁਕ ਕੇ ਸਭ ਕੁਝ ਦੇਖ ਰਹੀ ਸੀ। ਸ਼ੇਰ ਜਦੋਂ ਬੇਹੋਸ਼ ਪਏ ਮੁਖੀਆਂ ਨੂੰ ਮਾਰਨ ਲੱਗਾ ਤਾਂ ਚਿੜੀ ਬੋਲ ਪਈ ਇਹ ਪਾਪ ਨਾ ਕਰਿਓ ਰਾਜਾ ਜੀ, ਨਹੀਂ ਤਾਂ ਮੈਂ ਸਾਰੇ ਜੰਗਲ਼ 'ਚ ਖ਼ਬਰ ਕਰ ਦੇਵਾਂਗੀ।

ਸ਼ੇਰ ਦੁਖੀ ਹੋ ਗਿਆ ਉਸਦੀ ਸਾਰੀ ਮਿਹਨਤ 'ਤੇ ਪਾਣੀ ਫਿਰ ਗਿਆ ਸੀ।

"ਚਿੜੀਏ, ਪਹਿਲਾਂ ਇਹ ਦੱਸ ਕਿ ਤੂੰ ਸਭਾ 'ਚ ਕਿਉਂ ਨਹੀਂ ਆਈ?" ਸ਼ੇਰ ਨੇ ਗੁੱਸੇ 'ਚ ਪੁੱਛਿਆ ਸੀ।

"ਕਿਉਂਕਿ, ਮੈਨੂੰ ਕੋਈ ਅਹੁਦਾ ਨਹੀਂ ਸੀ ਚਾਹੀਦਾ" ਚਿੜੀ ਹੱਸਦਿਆਂ ਬੋਲੀ ਸੀ।

"ਉਹ ਕਿਉਂ?" ਸ਼ੇਰ ਨੇ ਹੈਰਾਨ ਹੁੰਦਿਆਂ ਪੁੱਛਿਆ ਸੀ।





"ਕਿਉਂਕਿ ਮੇਰੇ ਕੋਲ਼ ਤੇਰੇ ਹਰ ਅਹੁਦੇ ਨਾਲ਼ੋਂ ਵੱਡੀ ਚੀਜ਼ ਮੌਜੂਦ ਏ!" ਚਿੜੀ ਨੇ ਸ਼ਾਂਤੀ ਨਾਲ਼ ਜਵਾਬ ਦਿੱਤਾ ਸੀ।

"ਹੈਂਅ! ਉਹ ਕੀ?" ਸ਼ੇਰ ਨੇ ਹੋਰ ਵੀ ਹੈਰਾਨ ਹੁੰਦਿਆਂ ਪੁੱਛਿਆ।

"ਸਬਰ-ਸੰਤੋਖ!" ਇਹ ਆਖ ਚਿੜੀ ਗਈ।

*ਸਿੱਖਿਆ: ਸਬਰ ਸੰਤੋਖ ਵਾਲ਼ੇ ਵਿਅਕਤੀ ਨੂੰ ਅਹੁਦਿਆਂ ਦਾ ਲਾਲਚ ਨਹੀਂ ਹੁੰਦਾ*

(ੳ) **ਅਧਿਆਪਕ ਵਿਦਿਆਰਥੀਆਂ ਨੂੰ ਕਾਰਜ/ ਕਿਰਿਆ ਦੱਸ ਕੇ ਸੰਬੰਧਤ ਤਸਵੀਰ ਦਾ ਨੰਬਰ ਪੁੱਛੇਗਾ।**

| | | |
|---|---|---|
| ਖਾਣਾ ਖਾ ਰਹੇ ਪਸ਼ੂ-ਪੰਛੀ |  | 1 |
| ਉੱਡ ਰਹੀ ਚਿੜੀ |  | 2 |
| ਹੈਰਾਨੀ 'ਚ ਸ਼ੇਰ ਤੇ ਲੂੰਬੜੀ |  | 3 |
| ਬੇਹੋਸ਼ ਹੋਏ ਪਸ਼ੂ -ਪੰਛੀ |  | 4 |
| ਮੀਟਿੰਗ 'ਚ ਸ਼ਾਮਲ ਪਸ਼ੂ-ਪੰਛੀ |  | 5 |
| ਸ਼ੇਰ ਨੂੰ ਦੱਸਦੀ ਹੋਈ ਲੂੰਬੜੀ |  | 6 |

## (ਅ) ਵਿਦਿਆਰਥੀਆਂ ਲਈ ਕਿਰਿਆ/ਅਭਿਆਸ

ਪ੍ਰਸ਼ਨ: 1 ਜੰਗਲ਼ ਦਾ ਰਾਜਾ ਕੌਣ ਸੀ?

ਪ੍ਰਸ਼ਨ: 2 ਸ਼ੇਰ ਨੂੰ ਉਸ ਦੇ ਖ਼ਿਲਾਫ਼ ਹੋ ਰਹੀ ਸਾਜ਼ਿਸ਼ ਬਾਰੇ ਕਿਸ ਨੇ ਦੱਸਿਆ?



ਪ੍ਰਸ਼ਨ: 3 ਮੀਟਿੰਗ 'ਚ ਕੌਣ ਨਹੀਂ ਸੀ ਆਇਆ?

ਪ੍ਰਸ਼ਨ: 4 ਸ਼ੇਰ ਨੇ ਖਾਣੇ 'ਚ ਕੀ ਮਿਲ਼ਾਇਆ ਸੀ?

ਪ੍ਰਸ਼ਨ: 5 ਕਹਾਣੀ ਦੇ ਅੰਤ 'ਚ ਚਿੜੀ ਨੇ ਸ਼ੇਰ ਨੂੰ ਕੀ ਕਿਹਾ?

ਪ੍ਰਸ਼ਨ: 6 ਇਸ ਕਹਾਣੀ ਤੋਂ ਸਾਨੂੰ ਕੀ ਸਿੱਖਿਆ ਮਿਲ਼ਦੀ ਹੈ?

## (ੲ) ਸੰਤੋਖੀ ਅਤੇ ਲੋਭੀ ਦਾ ਫ਼ਰਕ

| | ਸਬਰ-ਸੰਤੋਖ ਵਾਲ਼ੇ ਵਿਅਕਤੀ | ਲੋਭੀ ਵਿਅਕਤੀ |
|---|---|---|
| 1. ਖਿਡੌਣੇ |  |   |
| 2. ਖਾਣਾ |  |  |
| 3. ਵਸਤੂਆਂ |  |  |
| 4. ਦੌਲਤ |  |   |
| 5. ਨਤੀਜਾ |  |  |

ਉਪਰੋਕਤ ਤਸਵੀਰਾਂ ਦੀ ਵਿਆਖਿਆ ਕਰਨ ਉਪਰੰਤ ਅਧਿਆਪਕ ਵਿਦਿਆਰਥੀਆਂ ਨੂੰ ਵਿਅਕਤੀ ਦੀ ਵਿਸ਼ੇਸ਼ਤਾ ਦੱਸ ਕੇ ਲੋਭੀ ਜਾਂ ਸਬਰ-ਸੰਤੋਖ ਵਾਲ਼ੇ ਖਾਨੇ ਵਿੱਚੋਂ ਇੱਕ ਨੂੰ ਟਿੱਕ ਕਰਨ ਲਈ ਕਹੇਗਾ।

**ਸਹੀ ਚੋਣ (ਟਿੱਕ ਕਰੋ)**

| ਵਿਅਕਤੀ ਦੀ ਵਿਸ਼ੇਸ਼ਤਾ | ਸੰਤੋਖੀ | ਲੋਭੀ |
|---|---|---|
| ਭੋਜਨ ਨੂੰ ਵੰਡ ਕੇ ਖਾਣ ਵਾਲ਼ਾ | | |
| ਵਾਧੂ ਰੁਪਏ ਇਕੱਠੇ ਕਰਨ ਵਾਲ਼ਾ | | |
| ਰਲ਼-ਮਿਲ਼ ਕੇ ਖੇਡਣ ਵਾਲ਼ੇ | | |
| ਲੋੜਵੰਦਾਂ 'ਚ ਰੁਪਏ ਵੰਡਣ ਵਾਲ਼ੇ | | |
| ਵਾਧੂ ਵਸਤੂਆਂ ਇਕੱਠੀਆਂ ਕਰਨ ਵਾਲ਼ਾ | | |

## ਵਿਦਿਆਰਥੀਆਂ ਲਈ ਕਿਰਿਆ

ਸਾਰੇ ਵਿਦਿਆਰਥੀ ਆਪਣੇ ਮਾਪਿਆਂ ਕੋਲ਼ੋਂ ਸਬਰ-ਸੰਤੋਖ ਰੱਖਣ ਵਾਲ਼ੇ ਵਿਅਕਤੀਆਂ ਦੀਆਂ ਵਿਸ਼ੇਸ਼ਤਾਵਾਂ ਸੁਣ ਕੇ ਆਉਣਗੇ ਤੇ ਉਹ ਵਿਸ਼ੇਸ਼ਤਾਵਾਂ ਜਮਾਤ ਵਿੱਚ ਸੁਣਾਉਣਗੇ।

### 2. ਸਬਰ-ਸੰਤੋਖ ਬਾਰੇ ਕੁਝ ਦੋਹੇ

ਮੋਹ-ਮਾਇਆ ਦੀ ਅੰਨ੍ਹੀ ਇੱਛਾ ਨਾ ਕਿਸੇ ਦੀ ਪੂਰੀ ਹੋਈ।
ਸੱਚ ਸਿਆਣੇ ਕਹਿ ਗਏ ਬੱਚਿਓ, ਸਬਰ ਤੋਂ ਵੱਡਾ ਸੁੱਖ ਨਾ ਕੋਈ।

ਜੇਬ ਵੇਖ ਕੇ ਚੁਣਦੇ ਚੀਜ਼ਾਂ, ਤੱਕ ਹੋਰਾਂ ਨੂੰ ਕਦੇ ਨਾ ਝੂਰਨ।
ਦੂਨੀਆ ਅੰਦਰ ਹਰ ਇੱਕ ਇੱਛਾ, ਹਰ ਇੱਕ ਦੀ ਨਾ ਹੁੰਦੀ ਪੂਰਨ।

ਸਬਰ-ਸੰਤੋਖ ਨੂੰ ਪੱਲੇ ਬੰਨੀਂ, ਡਰ ਕਾਰਨ ਨਾ ਹਿੰਮਤ ਹਾਰੀਂ।
ਬੋਝ ਆਪਣਾ ਆਪੇ ਚੁੱਕੀਂ, ਲੋਕਾਂ ਨੂੰ ਅਵਾਜ਼ ਨਾ ਮਾਰੀਂ।

ਮੂਰਖ ਆਪੋ-ਆਪਣੀ ਕਹਿੰਦੇ, ਵਿਦਵਾਨਾਂ ਦਾ ਇੱਕੋ ਕਹਿਣਾ।
ਲੋਭ ਬੰਦੇ ਨੂੰ ਨੀਵਾਂ ਕਰਦਾ, ਉੱਚਾ ਕਰਦਾ ਸਬਰ ਦਾ ਗਹਿਣਾ।

ਉਹ ਨਾ ਉਲਝਣ ਖ਼ਾਹਸ਼ਾਂ ਅੰਦਰ, ਉਹ ਨਾ ਮੰਗਣ ਚੰਦ-ਸਿਤਾਰੇ।
ਸਿਦਕ ਨਾਲ਼ ਜੋ ਜ਼ਿੰਦਗੀ ਜਿਊਂਦੇ, ਬਣ ਜਾਂਦੇ ਚਾਨਣ ਮੁਨਾਰੇ।

**ਅਭਿਆਸ : 1** ਪਾਠ ਅਤੇ ਸਰਲ-ਅਰਥ

**ਅਭਿਆਸ : 2** ਵਿਦਿਆਰਥੀ ਇਹ ਦੋਹੇ ਪੜ੍ਹਨਗੇ ਅਤੇ ਅਧਿਆਪਕ ਇਹਨਾਂ ਦੋਹਿਆਂ ਦੇ ਅਰਥ ਸਮਝਾਏਗਾ

**ਪ੍ਰਸ਼ਨੋਤਰੀ**

1. ਸਭ ਨਾਲ਼ੋਂ ਵੱਡਾ ਸੁੱਖ ਕਿਹੜਾ ? (ਸਬਰ, ਦੌਲਤ)
2. ਸਾਨੂੰ ਜੇਬ ਅਨੁਸਾਰ ਹੀ ਖ਼ਰਚ ਕਰਨਾ ਚਾਹੀਦਾ ਹੈ (ਠੀਕ/ਗ਼ਲਤ)
3. ਲੋਭ ਬੰਦੇ ਨੂੰ (ਨੀਵਾਂ/ਸੋਹਣਾ) ਕਰਦਾ ਹੈ ਤੇ ਸਬਰ.........(ਔਖਾ/ਉੱਚਾ)
4. 'ਬੋਝ ਆਪਣਾ ਆਪੇ ਚੁੱਕੀਂ' ਇਸ ਤੁਕ ਦਾ ਸਹੀ ਅਰਥ ਚੁਣੋ:

   ਆਪਣੀਆਂ ਮੁਸ਼ਕਿਲਾਂ ਆਪ ਹੱਲ ਕਰੀਂ

   ਜਾਂ

   ਆਪਣੇ ਕੰਮ ਲੋਕਾਂ ਤੋਂ ਕਰਵਾਈਂ

**ਅਭਿਆਸ: 3** ਵਿਦਿਆਰਥੀਆਂ ਲਈ ਕੰਮ

ਹਰੇਕ ਵਿਦਿਆਰਥੀ ਆਪਣੀ ਪਸੰਦ ਦੇ ਕੋਈ ਦੋ ਦੋਹੇ ਯਾਦ ਕਰਕੇ ਆਏਗਾ।

ਪਾਠ 7

# ਚੰਗਾ ਬੋਲੀਏ, ਮਿੱਤਰ ਬਣਾਈਏ

## (ੳ) ਸਕੂਲ ਵਿੱਚ ਦੋਸਤਾਂ ਨੂੰ ਬੁਲਾਉਣ ਦਾ ਢੰਗ *(ਅਧਿਆਪਕ ਮੌਖਿਕ ਰੂਪ ਵਿੱਚ ਕਹਾਣੀ ਸੁਣਾਏਗਾ)*







**ਕਹਾਣੀ** - ਸੁਖਦੀਪ ਦਾ ਮਨ ਸਕੂਲ ਜਾਣ ਲਈ ਬਿਲਕੁਲ ਨਹੀਂ ਕਰਦਾ ਸੀ। ਜਦੋਂ ਵੀ ਉਸ ਦੇ ਘਰ ਵਾਲੇ ਉਸ ਨੂੰ ਸਕੂਲ ਜਾਣ ਲਈ ਕਹਿੰਦੇ ਉਹ ਰੋਣ ਲੱਗ ਜਾਂਦਾ ਜਾਂ ਕੋਈ ਬਹਾਨਾ ਬਣਾ ਲੈਂਦਾ। ਇਸ ਤਰ੍ਹਾਂ ਉਹ ਕਈ ਸਾਲ ਸਕੂਲ ਨਾ ਗਿਆ। ਇੱਕ ਦਿਨ ਉਸਦੇ ਮਾਮਾ ਜੀ ਆਏ ਤਾਂ ਉਸ ਨੇ ਸੁਖਦੀਪ ਦੇ ਪਿਤਾ ਜੀ ਨੂੰ ਸਮਝਾਇਆ ਕਿ ਸੁਖਦੀਪ ਨੂੰ ਸਕੂਲ ਭੇਜੋ। ਪੜ੍ਹ ਲਿਖ ਕੇ ਇਹ ਸਿਆਣਾ ਬਣ ਜਾਵੇਗਾ। ਇਸ ਨੂੰ ਦੁਨੀਆ ਦੀ ਸਮਝ ਆ ਜਾਵੇਗੀ। ਜਦੋਂ ਸੁਖਦੀਪ ਸਕੂਲ ਜਾਣ ਲੱਗਿਆ ਉਦੋਂ ਤੱਕ ਉਸ ਦੀ ਉਮਰ ਬਹੁਤ ਵੱਡੀ ਹੋ ਗਈ ਸੀ। ਉਹ ਸਾਰੇ ਬੱਚਿਆਂ ਤੋਂ ਵੱਡਾ ਸੀ। ਵੱਡਾ ਹੋਣ ਕਰਕੇ ਉਹ ਸਭ ਨੂੰ ਰੁੱਖਾ ਬੋਲਦਾ ਸੀ। ਸਾਰੇ ਬੱਚੇ ਉਸ ਤੋਂ ਡਰਦੇ ਦੂਰੀ ਬਣਾ ਕੇ ਰੱਖਦੇ ਸਨ। ਸੁਖਦੀਪ ਦੇ ਇਹ ਗੱਲ ਸਮਝ ਨਹੀਂ ਆਉਂਦੀ ਸੀ ਕਿ ਬੱਚੇ ਉਸ ਨਾਲ਼ ਹੋਰ ਬੱਚਿਆਂ ਵਾਂਗ ਕਿਉਂ ਨਹੀਂ ਖੇਡਦੇ।

ਇੱਕ ਦਿਨ ਉਹ ਨਾਨਕੇ ਗਿਆ। ਉਸ ਦੇ ਸਕੂਲ ਬਾਰੇ ਮਾਮਾ ਜੀ ਨੇ ਪੁੱਛਿਆ ਤਾਂ ਸੁਖਦੀਪ ਨੇ ਸਕੂਲ ਵਾਲ਼ੀ ਸਾਰੀ ਗੱਲ ਮਾਮਾ ਜੀ ਨੂੰ ਦੱਸ ਦਿੱਤੀ। ਸੁਣ ਕੇ ਮਾਮਾ ਜੀ ਹੱਸ ਪਏ ਤੇ ਬੋਲੇ, "ਪੁੱਤਰ ਜੀ। ਇਹ ਤੁਹਾਡੀ ਜ਼ੁਬਾਨ ਦਾ ਰਸ ਹੁੰਦਾ ਹੈ। ਤੁਹਾਡੀ ਬੋਲਚਾਲ ਤੁਹਾਨੂੰ ਗਧੇ 'ਤੇ ਵੀ ਚੜ੍ਹਾ ਦਿੰਦੀ ਹੈ 'ਤੇ ਘੋੜੇ ਵੀ ਚੜ੍ਹਾ ਦਿੰਦੀ ਹੈ। ਤੂੰ ਬੱਚਿਆਂ ਨੂੰ ਰੁੱਖਾ ਬੋਲਦਾ ਹੋਵੇਂਗਾ ਤਾਂ ਇਸ ਕਰਕੇ

ਬੱਚੇ ਤੇਰੇ ਮਿੱਤਰ ਨਹੀਂ ਬਣਦੇ। ਜੇ ਤੂੰ ਉਹਨਾਂ ਨੂੰ ਪਿਆਰ ਕਰੇਂਗਾ ਤਾਂ ਉਹ ਤੇਰੇ ਮਿੱਤਰ ਜ਼ਰੂਰ ਬਣਨਗੇ। ਕੱਲ੍ਹ ਤੋਂ ਤੂੰ ਆਪਣੇ-ਆਪ ਨਾਲ਼ ਵਾਅਦਾ ਕਰ ਕਿ ਸਭ ਨਾਲ਼ ਚੰਗਾ ਬੋਲਣਾ ਹੈ। ਵੱਡਿਆਂ ਦੀ ਇੱਜ਼ਤ ਕਰਨੀ ਹੈ ਤੇ ਛੋਟਿਆਂ ਨੂੰ ਪਿਆਰ ਕਰਨਾ ਹੈ।"

ਸੁਖਦੀਪ ਆਪਣੇ ਮਾਮਾ ਜੀ ਦੀ ਗੱਲ ਪੱਲੇ ਬੰਨ੍ਹ ਕੇ ਸਕੂਲ ਗਿਆ। ਹੁਣ ਉਹ ਸਭ ਨਾਲ਼ ਮਿੱਠਾ ਬੋਲਦਾ ਸੀ। ਕੁਝ ਹੀ ਦਿਨਾਂ ਵਿੱਚ ਬਹੁਤ ਸਾਰੇ ਬੱਚੇ ਉਸਦੀ ਦੋਸਤੀ ਦੇ ਘੇਰੇ ਵਿੱਚ ਸ਼ਾਮਲ ਹੋ ਗਏ। ਹੁਣ ਉਸ ਦਾ ਸਕੂਲ ਵਿੱਚ ਵੀ ਮਨ ਲੱਗ ਗਿਆ।

**ਪ੍ਰਸ਼ਨੋਤਰੀ -** 1 - ਸਾਰੇ ਬੱਚੇ ਸੁਖਦੀਪ ਤੋਂ ਦੂਰੀ ਕਿਉਂ ਬਣਾ ਕੇ ਰੱਖਦੇ ਸਨ?

2 - ਉਸਦੇ ਮਾਮਾ ਜੀ ਨੇ ਸੁਖਦੀਪ ਨੂੰ ਕੀ ਸਮਝਾਇਆ?

3 - ਸੁਖਦੀਪ ਨੇ ਆਪਣੇ-ਆਪ ਨਾਲ਼ ਕੀ ਵਾਅਦਾ ਕੀਤਾ?

**ਕਿਰਿਆਵਾਂ -** (**ਅਧਿਆਪਕ ਬੱਚਿਆਂ ਨਾਲ਼ ਹੇਠ ਲਿਖੀਆਂ ਗੱਲਾਂ ਉੱਪਰ ਚਰਚਾ ਕਰੇਗਾ**)

ੳ - ਬੱਚਿਆਂ ਨੂੰ ਆਪਣੇ ਤੋਂ ਛੋਟੇ ਬੱਚਿਆਂ ਨੂੰ ਪਿਆਰ ਨਾਲ਼ ਬੁਲਾਉਣਾ।

ਅ - ਛੋਟੇ ਬੱਚਿਆਂ ਦੁਆਰਾ ਵੱਡਿਆਂ ਨੂੰ ਇੱਜ਼ਤ ਦੇਣੀ।

ੲ - ਇੱਕ ਦੂਸਰੇ ਨੂੰ ਕਿਵੇਂ ਤੇ ਕੀ ਕਹਿ ਕੇ ਬੁਲਾਉਣਾ।

### (ਅ) ਭੈਣ-ਭਰਾ ਨੂੰ ਕਿਵੇਂ ਸੰਬੋਧਨ ਕਰਨਾ






(ਅਧਿਆਪਕ ਵਿਦਿਆਰਥੀਆਂ ਨੂੰ ਜਮਾਤ ਵਿੱਚ ਹੇਠ ਲਿਖੀਆਂ ਕਿਰਿਆਵਾਂ ਕਰਵਾਏਗਾ)

## ਕਿਰਿਆਵਾਂ -

(1) ਦੋ ਬੱਚੇ ਆਪਸ ਵਿੱਚ ਮਿਲਣ ਦੀ ਐਕਟਿੰਗ ਕਰਨਗੇ ਦੋਵੇਂ ਇੱਕ ਦੂਜੇ ਨੂੰ ਸੰਬੋਧਨ ਹੋਣਗੇ (ਸਤਿ ਸ੍ਰੀ ਅਕਾਲ ਭੈਣ, ਸਤਿ ਸ੍ਰੀ ਅਕਾਲ ਵੀਰ)

(2) ਦੋ ਬੱਚੇ ਆਪਸ ਵਿੱਚ ਮਿਲਣ ਦਾ ਅਭਿਨੈ ਕਰਨਗੇ ਅਤੇ ਗੱਲ-ਬਾਤ ਵਿੱਚ ਇੱਕ ਦੂਜੇ ਨੂੰ ਭੈਣ ਜੀ, ਭਰਾ ਜੀ ਕਹਿ ਕੇ ਸੰਬੋਧਨ ਕਰਨਗੇ।

(3) ਪਿਆਰ ਨਾਲ਼ ਬੋਲਿਆਂ ਕੀ ਮਿਲ਼ਦਾ ਹੈ?

## (ੲ) ਪਿਆਰ ਨਾਲ਼ ਬੋਲਿਆਂ ਕੀ ਮਿਲ਼ਦਾ ਹੈ ? (ਕਵਿਤਾ)-

ਹੋਏ ਸਵੇਰਾ ਮੈਂ ਉੱਠ ਜਾਵਾਂ
ਬੁਰਸ਼ ਕਰਨ ਤੋਂ ਬਾਅਦ ਨਹਾਵਾਂ

ਦਾਦਾ ਦਾਦੀ ਕੋਲੇ ਜਾ ਕੇ
ਸਤਿ ਸ੍ਰੀ ਅਕਾਲ ਬੁਲਾਵਾਂ





ਮਾਪਿਆਂ ਕੋਲ਼ੋਂ ਮਿਲਣ ਅਸੀਸਾਂ
ਰੋਮ-ਰੋਮ ਮੁਸਕਾਵਾਂ





ਵੱਡਿਆਂ ਤਾਈਂ ਜੀ-ਜੀ ਆਖਾਂ
ਛੋਟਿਆਂ ਨੂੰ ਗਲ਼ ਲਾਵਾਂ

ਖ਼ੁਸ਼ ਹੋ ਸਭ ਸ਼ਾਬਾਸ਼ੀ ਦਿੰਦੇ
ਜਿੱਧਰ ਵੀ ਮੈਂ ਜਾਵਾਂ



ਸਭ ਦੇ ਨਾਲ਼ ਮੈਂ ਮਿੱਠਾ ਬੋਲਾਂ
ਚੰਗਾ ਬਾਲ ਕਹਾਵਾਂ

**ਪ੍ਰਸ਼ਨੋਤਰੀ -** 1 - ਕਵਿਤਾ ਵਿੱਚ ਬੱਚਾ ਦਾਦਾ-ਦਾਦੀ ਨੂੰ ਕਿਵੇਂ ਬੁਲਾਉਂਦਾ ਹੈ?
2 - ਮੰਮੀ -ਪਾਪਾ ਦਾ ਸਤਿਕਾਰ ਕਿਵੇਂ ਕਰਦਾ ਹੈ?
3 - ਸਾਰੇ ਉਸ ਨੂੰ ਸ਼ਾਬਾਸ਼ ਕਿਉਂ ਦਿੰਦੇ ਹਨ?
4 - ਸਭ ਨਾਲ਼ ਮਿੱਠਾ ਬੋਲਣ ਕਰਕੇ ਉਸਨੂੰ ਕਿਹੋ ਜਿਹਾ ਬਾਲ ਕਹਿੰਦੇ ਹਨ?

ਪਾਠ 8

# ਆਓ ਸੜਕ 'ਤੇ ਤੁਰੀਏ

ਅਧਿਆਪਕ ਬੱਚਿਆਂ ਨੂੰ ਟ੍ਰੈਫ਼ਿਕ ਚਿੰਨ੍ਹਾਂ ਦੀ ਜਾਣਕਾਰੀ ਦੇਵੇਗਾ ਤਾਂ ਕਿ ਸੜਕ 'ਤੇ ਤੁਰਦਿਆਂ ਆਪ ਵੀ ਸੁਰੱਖਿਅਤ ਰਿਹਾ ਜਾ ਸਕੇ ਅਤੇ ਦੂਜਿਆਂ ਨੂੰ ਵੀ ਸੁਰੱਖਿਅਤ ਰੱਖਿਆ ਜਾ ਸਕੇ

## (ੳ) ਟ੍ਰੈਫ਼ਿਕ ਚਿੰਨ


ਸਕੂਲ


ਹਸਪਤਾਲ


ਹਾਰਨ ਨਾ ਬਜਾਓ


ਪਾਰਕਿੰਗ


ਰੇਲਵੇ



ਰੁਕੋ

**ਮੌਖਿਕ ਪ੍ਰਸ਼ਨ:-**

1. ਟ੍ਰੈਫ਼ਿਕ ਚਿੰਨ੍ਹਾਂ ਤੋਂ ਕੀ ਭਾਵ ਹੈ?
2. ਕੀ ਸਾਨੂੰ ਟ੍ਰੈਫ਼ਿਕ ਚਿੰਨ੍ਹਾਂ ਦੀ ਪਾਲਣਾ ਕਰਨੀ ਚਾਹੀਦੀ ਹੈ?

## (ਅ) ਕਿਹੜੇ ਹੱਥ ਤੁਰਨਾ ਚਾਹੀਦਾ ਹੈ?



### ਕਿਹੜੇ ਹੱਥ ਤੁਰੀਏ

ਆਓ ਤੁਰੀਏ ਸ਼ਾਨ ਨਾਲ਼
ਤੁਰੀਏ ਜ਼ਰਾ ਧਿਆਨ ਨਾਲ਼
ਦੱਸੋ ਕੀ ਨਹੀਂ ਕਰਨਾ ?

ਸੜਕ ਵਿਚਾਲੇ ਨਹੀਂ ਤੁਰਨਾ
ਨਹੀਂ ਤਾਂ ਦੁੱਖ ਪਊ ਜਰਨਾ

ਆਓ ਤੁਰੀਏ ਸ਼ਾਨ ਨਾਲ਼
ਤੁਰੀਏ ਜ਼ਰਾ ਧਿਆਨ ਨਾਲ਼
ਦੱਸੋ ਕੀ ਹੈ ਕਰਨਾ ?

ਖੱਬੇ ਹੱਥ ਹੈ ਚੱਲਣਾ
ਹਾਦਸਾ ਇਉਂ ਹੈ ਟਲਣਾ

**ਮੌਖਿਕ ਪ੍ਰਸ਼ਨ :-**

1. ਕਵਿਤਾ ਵਿੱਚ ਕੀ ਕਰਨ ਲਈ ਕਿਹਾ ਗਿਆ ਹੈ ?
2. ਕਵਿਤਾ ਵਿੱਚ ਕੀ ਨਹੀਂ ਕਰਨ ਲਈ ਕਿਹਾ ਗਿਆ ਹੈ ?

## (ੲ) ਸੜਕ ਕਿਵੇਂ ਪਾਰਨ ਕਰਨੀ ਹੈ




**ਪਾਤਰ**

ਹਰੀ

ਸੈਫੀ

ਪੰਮਾ

ਸਿਮਰ

ਹਰੀ : ਚਲੋ ਯਾਰ ਆਪਾਂ ਖੇਡਦੇ ਆਂ ਹਰੀ ਨੇ ਕਿਹਾ

ਬਾਕੀ ਸਾਰੇ ਬੱਚੇ : ਕੀ ਖੇਡਾਂਗੇ।

ਹਰੀ : ਅੱਜ ਆਪਾਂ ਸੜਕ-ਸੜਕ ਖੇਡਦੇ ਆਂ।

ਬਾਕੀ ਬੱਚੇ : ਸੜਕ-ਸੜਕ। ਤਿੰਨੇ ਹੈਰਾਨੀ ਨਾਲ਼ ਬੋਲੇ

ਹਰੀ : ਸੜਕ-ਸੜਕ ਮਤਲਬ ਸੜਕ ਕਿਵੇਂ ਪਾਰ ਕਰਨੀ ਚਾਹੀਦੀ ਹੈ?

ਸੈਫੀ : ਲੈ ਇਹ ਵੀ ਕੀ ਔਖੀ ਗੱਲ ਹੈ (ਹੱਸਦਾ ਹੈ) ਭੱਜ ਕੇ ਸੜਕ ਪਾਰ ਕਰ ਲਓ।

ਹਰੀ : ਨਹੀਂ ਜੀ ! ਭੱਜ ਕੇ ਸੜਕ ਪਾਰ ਕਰਨੀ ਸਾਡੀ ਸਿਹਤ ਲਈ ਹਾਨੀਕਾਰਕ ਹੋ ਸਕਦੀ ਹੈ। ਜੇ ਉਧਰੋਂ ਕੋਈ ਤੇਜ਼ ਰਫਤਾਰ ਗੱਡੀ ਆਉਂਦੀ ਹੋਵੇ।

ਸੈਫੀ : (ਡਰਦਿਆਂ) ਹਾਂ ਬਈ, ਮੈਂ ਤਾਂ ਇਹ ਸੋਚਿਆ ਈ ਨਹੀਂ।

ਪੰਮਾ :- ਫੇਰ ਤਾਂ ਮੋਬਾਈਲ ਫੋਨ ਚਲਾਉਂਦਿਆਂ ਵੀ ਨਹੀਂ ਕਰਨੀ ਚਾਹੀਦੀ?

ਸਿਮਰ : (ਹੱਸਦਿਆਂ) ਮੋਬਾਈਲ ਫ਼ੋਨ ਕਿੱਥੋਂ ਆ ਗਿਆ ਸੜਕ ’ਤੇ

ਹਰੀ : ਮੋਬਾਈਲ ਚਲਾਉਂਦਿਆਂ “ਬੰਦਾ ਬੇਧਿਆਨਾ ਹੋ ਜਾਂਦੈ ਸੋ ਦੁਰਘਟਨਾ ਹੋ ਸਕਦੀ ਹੈ।

ਸੈਫੀ : (ਸਭ ਦੇ ਮੂੰਹ ਵੱਲ ਦੇਖਦਿਆਂ) ਚੌਂਕ ਵਿੱਚ ਖੜ੍ਹੀਆਂ ਗੱਡੀਆਂ ਵਿਚਾਲਿਉਂ ਭੱਜ ਕੇ ਪਾਰ ਕਰ ਲਵੋ।

| | |
|---|---|
| ਤਿੰਨੇ ਬੱਚੇ : | ਓ ਨਹੀਂ ਮੂਰਖਾ ! ਜੇ ਓਧਰੋਂ ਹਰੀ ਬੱਤੀ ਹੋ ਜਾਵੇ ਤਾਂ ਫੇਰ ਕੀ ਕਰੇਂਗਾ? |
| ਸੈਫੀ : | ਹਾਂ ਯਾਰ (ਆਪਣੇ ਮੱਥੇ 'ਤੇ ਹੱਥ ਮਾਰ ਕੇ) ਇਹ ਤਾਂ ਮੈ ਸੋਚਿਆਂ ਨਹੀਂ |
| ਤਿੰਨੇ ਬੱਚੇ : | ਫੇਰ ਸੜਕ ਕਦੋਂ ਪਾਰ ਕਰਨੀ ਚਾਹੀਦੀ ਹੈ? |
| ਹਰੀ : | ਜਦੋਂ ਰਸਤਾ ਸਾਫ਼ ਹੋਵੇ ਜਾਂ ਅਸੀਂ ਜ਼ੈਬਰਾ-ਕਰਾਸਿੰਗ ਰਾਹੀਂ ਵੀ ਸੜਕ ਸੁਰੱਖਿਅਤ ਢੰਗ ਨਾਲ਼ ਪਾਰ ਕਰ ਸਕਦੇ ਹਾਂ ਸਮਝਿਆ ਸੈਫੀ? |
| ਸੈਫੀ: | (ਅਚਾਨਕ ਬੋਲਿਆ) " ਓ ਹਾਂ ਹਾਂ " ਸਾਰੇ ਬੱਚੇ ਖਿੜ-ਖਿੜਾ ਕੇ ਹੱਸ ਪਏ। |

ਅਧਿਆਪਕ ਦੀ ਸਹਾਇਤਾ ਨਾਲ਼ ਬੱਚੇ ਇਹ ਨਿੱਕਾ ਜਿਹਾ ਨਾਟਕੀ ਰੂਪ ਖੇਡ ਵੀ ਸਕਦੇ ਹਨ ਜਾਂ ਅਧਿਆਪਕ ਨਾਟਕ ਖਿਡਾਉਣ ਲਈ ਵੱਡੇ ਬੱਚਿਆਂ ਦੀ ਮਦਦ ਲੈ ਸਕਦਾ ਹੈ

**ਮੌਖਿਕ ਪ੍ਰਸ਼ਨ:-**

1. ਬੱਚੇ ਕਿਹੜੀ ਖੇਡ ਖੇਡਦੇ ਹਨ?
2. ਸੜਕ ਕਿਵੇਂ ਪਾਰ ਕਰਨੀ ਚਾਹੀਦੀ ਹੈ?
3. ਸੜਕ ਪਾਰ ਕਰਦਿਆਂ ਕੀ ਮੋਬਾਇਲ ਦੀ ਵਰਤੋਂ ਕਰਨੀ ਚਾਹੀਦੀ ਹੈ?
4. ਜ਼ੈਬਰਾ-ਕਰਾਸਿੰਗ ਕੀ ਹੁੰਦੀ ਹੈ ?

ਪਾਠ
9

## ਆਓ ਕਿਤਾਬਾਂ ਪੜ੍ਹੀਏ

### (ੳ) ਸੰਦੇਸ਼

ਅੱਜ ਤੁਹਾਨੂੰ ਆਪਣੇ ਸਕੂਲ ਦੇ ਪੁਰਾਣੇ ਵਿਦਿਆਰਥੀ ਜਸਪਾਲ ਸਿੰਘ ਦਾ ਰਿਕਾਰਡ ਹੋਇਆ ਸੰਦੇਸ਼ ਸੁਣਾਉਂਦੇ ਹਾਂ। ਉਹ ਬਹੁਤ ਹੋਣਹਾਰ ਵਿਦਿਆਰਥੀ ਸੀ। ਉਹ ਅੱਜ-ਕੱਲ੍ਹ ਕੈਨੇਡਾ ਵਿੱਚ ਹੈ। ਪਰ ਉਹ ਆਪਣੇ ਪਿੰਡ ਅਤੇ ਸਕੂਲ ਨਾਲ਼ ਹਮੇਸ਼ਾ ਜੁੜਿਆ ਰਹਿੰਦਾ ਹੈ।









**ਹੈਲੋ ਬੱਚਿਓ !** ਜਦੋਂ ਮੈਂ ਛੋਟਾ ਹੁੰਦਾ ਸੀ ਤਾਂ ਮੈਨੂੰ ਵੀ ਸਕੂਲ ਤੋਂ ਡਰ ਲੱਗਦਾ ਸੀ। ਅਧਿਆਪਕਾਂ ਤੋਂ ਵੀ ਭੈਅ ਆਉਂਦਾ ਸੀ। ਸਾਰੇ ਬੱਚੇ ਦੱਸਦੇ ਸਨ। ਕਿ ਮੈਡਮ ਸਖ਼ਤ ਸੁਭਾਅ ਦੇ ਹਨ।


ਮੇਰੇ ਮਾਤਾ-ਪਿਤਾ ਨੇ ਸਮਝਾਇਆ। ਅਧਿਆਪਕਾਂ ਦਾ ਕਹਿਣਾ ਮੰਨੀਂ। ਉਹਨਾਂ ਦੀ ਆਗਿਆ ਵਿੱਚ ਰਹੀਂ ਸਕੂਲ ਦਾ ਹਰ ਕੰਮ ਦਿਲ ਲਾ ਕੇ ਕਰੀਂ। ਸਕੂਲ ਦਾ ਕੰਮ ਪੂਰਾ ਕਰਕੇ, ਕਾਪੀ ਚੈੱਕ ਕਰਾਈਂ

ਮਾਪਿਆਂ ਦੀ ਸਲਾਹ ਕੰਮ ਆ ਗਈ। ਸਕੂਲ ਸੋਹਣਾ ਲੱਗਣ ਲੱਗਾ ਡਰ ਚੁੱਕਿਆ ਗਿਆ। ਕਈ ਦੋਸਤ ਬਣ ਗਏ ਹਰਜੀਤ ਦੀ ਲਿਖਾਈ ਸੋਹਣੀ ਸੀ। ਨਿਧੀ ਨੂੰ ਸਵਾਲ ਛੇਤੀ ਸਮਝ ਆਉਂਦੇ ਸਨ ਪਰਵੇਜ਼ ਸਭ ਤੋਂ ਵੱਧ ਹੁਸ਼ਿਆਰ ਸੀ। ਸਾਡਾ ਇੱਕ ਗਰੁੱਪ ਬਣ ਗਿਆ। ਆਪਸ ਵਿੱਚ ਮੁਕਾਬਲਾ ਸ਼ੁਰੂ ਹੋ ਗਿਆ। ਅਸੀਂ ਸਕੂਲ ਦੀ ਹਰ ਕਿਰਿਆ ਵਿੱਚ ਹਿੱਸਾ ਲੈਂਦੇ ਸੀ।

ਮੇਰਾ ਨਾਂ ਮੈਡਮ ਦੇ ਚਹੇਤੇ ਬੱਚਿਆਂ ਵਿੱਚ ਸੀ। ਸਾਰੇ ਅਧਿਆਪਕ ਸਾਨੂੰ ਪੜ੍ਹਾਉਂਦੇ, ਸਿਖਾਉਂਦੇ, ਖਿਡਾਉਂਦੇ ਤੇ ਪਿਆਰ ਕਰਦੇ ਸੀ। ਕਦੇ-ਕਦੇ ਝਿੜਕਾਂ ਵੀ ਪੈ ਜਾਂਦੀਆਂ, ਪਰ ਡਰ ਨਾ ਲੱਗਦਾ। ਵਿੱਦਿਅਕ ਮੁਕਾਬਲਿਆਂ ਵਿੱਚ ਸਾਨੂੰ ਕਿਤਾਬਾਂ ਇਨਾਮ ਵਿੱਚ ਮਿਲ਼ਦੀਆਂ। ਰੀਡਿੰਗ ਕਾਰਨਰ ਲਈ ਨਵੇਂ ਰਸਾਲੇ ਆਉਂਦੇ। ਮੈਡਮ ਸਾਨੂੰ ਪੜ੍ਹਨ ਲਈ ਉਤਸ਼ਾਹਿਤ ਕਰਦੇ। ਨਵਾਂ ਪੜ੍ਹਿਆ ਸੁਣਾਉਂਦੇ ਤੇ ਸਾਡੇ ਕੋਲੋਂ ਸੁਣਦੇ। ਉਹ ਹਮੇਸ਼ਾ ਕਹਿੰਦੇ ਪੜ੍ਹੋ, ਸਮਝੋ ਅਤੇ ਅਮਲ ਕਰੋ।



ਬੱਚਿਓ ! ਮੈਂ ਸਕੂਲ ਨੂੰ ਯਾਦ ਕਰਦਾ ਹਾਂ, ਮੁਢਲੇ ਸਬਕ ਦੇਣ ਵਾਲੇ ਅਧਿਆਪਕਾਂ ਨੂੰ ਸਤਿਕਾਰ ਭੇਜਦਾ ਹਾਂ। ਤੁਹਾਨੂੰ ਮੋਹ ਨਾਲ਼ ਕੁਝ ਕਿਤਾਬਾਂ ਭੇਜੀਆਂ ਹਨ। ਮੇਰੇ ਆੜੀਓ-ਮੇਰੀ ਸਫ਼ਲਤਾ ਵਿੱਚ ਤਿੰਨ ਚੀਜ਼ਾਂ ਬਹੁਤ ਵੱਡੀਆਂ ਹਨ:




ਪਹਿਲੀ-ਮੇਰੇ ਮਾਤਾ-ਪਿਤਾ ਜਿਹਨਾਂ ਨੇ ਮੇਰੀ ਅਗਵਾਈ ਕੀਤੀ।

ਦੂਜੇ- ਮੇਰੇ ਅਧਿਆਪਕ ਜਿਹਨਾਂ ਤੋਂ ਮੈਂ ਸਿੱਖਿਆ ਪ੍ਰਾਪਤ ਕੀਤੀ।

ਤੀਜੀ- ਉਹ ਪੁਸਤਕਾਂ ਜਿਹਨਾਂ ਨੇ ਮੈਨੂੰ ਰੁਜ਼ਗਾਰ ਦੇ ਨਾਲ਼-ਨਾਲ਼ ਜਿਉਣ ਦਾ ਸਲੀਕਾ ਦਿੱਤਾ। ਗਿਆਨ ਅਤੇ ਵਿਗਿਆਨ ਨਾਲ਼ ਜੋੜਿਆ।

ਤੁਸੀਂ ਵੀ ਮਾਪਿਆਂ, ਅਧਿਆਪਕਾਂ ਅਤੇ ਪੁਸਤਕਾਂ ਤੋਂ ਸੇਧ ਲੈ ਕੇ ਜੀਵਨ ਵਿੱਚ ਅੱਗੇ ਵਧੋ! ਪੁਸਤਕਾਂ ਨੂੰ ਦੋਸਤ ਬਣਾਓ! **ਸ਼ੁਭ-ਕਾਮਨਾਵਾਂ**

**ਬੱਚਿਓ:-** 1. ਸਕੂਲ ਆਉਣ ਤੋਂ ਡਰਨਾ ਨਹੀਂ ਚਾਹੀਦਾ।

2. ਅਧਿਆਪਕਾਂ ਦੀ ਆਗਿਆ ਦਾ ਪਾਲਣ ਕਰਨਾ ਚਾਹੀਦਾ ਹੈ।

3. ਪੁਸਤਕਾਂ ਨਾਲ਼ ਪਿਆਰ ਕਰਨਾ ਚਾਹੀਦਾ ਹੈ।

4. ਪੁਸਤਕਾਂ ਤੁਹਾਡੀਆਂ ਦੋਸਤ ਹਨ।

**ਪ੍ਰਸ਼ਨ-ਉੱਤਰ:-**

1) ਇਸ ਪਾਠ ਵਿੱਚ ਕਿਸ ਦਾ ਸੰਦੇਸ਼ ਸੁਣਾਇਆ ਗਿਆ ਹੈ?

..........................................................................................

..........................................................................................

2) ਜਸਪਾਲ ਸਿੰਘ ਨੇ ਆਪਣੇ ਪੁਰਾਣੇ ਸਕੂਲ ਲਈ ਮੋਹ ਨਾਲ਼ ਕੀ ਭੇਜਿਆ?

..........................................................................................

..........................................................................................

3) ਆਪਣੇ ਸਕੂਲ ਰੀਡਿੰਗ-ਕਾਰਨਰ ਵਿੱਚ ਪੜ੍ਹੀਆਂ ਦੋ ਪੁਸਤਕਾਂ ਦੇ ਨਾਂ ਲਿਖੋ।

1....................................................... ......

2.......................................................

## (ਅ) ਆਓ ਕਹਾਣੀ ਪੜ੍ਹੀਏ

ਇਸ ਪੜਾਅ 'ਤੇ ਅਧਿਆਪਕ ਵਿਦਿਆਰਥੀਆਂ ਦੀਆਂ ਪੜ੍ਹਨ-ਰੁਚੀਆਂ ਨੂੰ ਉਭਾਰਨ ਵਾਲ਼ੇ ਨੁਕਤਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਹੇਠ ਲਿਖੀ ਕਹਾਣੀ ਨੂੰ ਮੌਖਿਕ ਰੂਪ 'ਚ ਸੁਣਾਏਗਾ।





ਬੱਚਿਓ! ਕੱਲ੍ਹ ਮੈਂ ਪ੍ਰਿੰ.ਸੁਜਾਨ ਸਿੰਘ ਦੀ ਕਹਾਣੀ ਪੜ੍ਹੀ ਇਸ ਕਹਾਣੀ ਦਾ ਨਾਂ 'ਮੋਤੀ' ਸੀ। ਮੋਤੀ ਇੱਕ ਕੁੱਤਾ ਸੀ। ਕੁੱਤਾ ਬਹੁਤ ਸਿਆਣਾ ਸੀ। ਬੱਚੂ ਉਸ ਨੂੰ ਬਹੁਤ ਪਿਆਰ ਕਰਦਾ ਸੀ। ਸਕੂਲ ਤੋਂ ਬਾਅਦ ਉਹ ਦੋਵੇਂ ਖੇਡਦੇ ਸਨ। ਸਾਰੇ ਉਨ੍ਹਾਂ ਦੀ ਦੋਸਤੀ ਤੇ ਖ਼ੁਸ਼ ਸਨ।

ਇੱਕ ਦਿਨ ਬੱਚੂ ਸਕੂਲ ਜਾ ਰਿਹਾ ਸੀ। ਮੋਤੀ ਉਸ ਦੇ ਪਿੱਛੇ-ਪਿੱਛੇ ਚੱਲ ਪਿਆ। ਬੱਚੂ ਨੂੰ ਪਤਾ ਨਾ ਲੱਗਾ। ਮੋਤੀ ਜਮਾਤ ਅੰਦਰ ਆ ਗਿਆ। ਮੋਤੀ ਨੂੰ ਦੇਖ ਕੇ ਬੱਚੇ ਡਰ ਗਏ। ਇੱਕ ਬੱਚੇ ਦੀ ਤਾਂ ਚੀਕ ਨਿੱਕਲ ਗਈ

ਜਮਾਤ ਦਾ ਅਧਿਆਪਕ ਵੀ ਹੈਰਾਨ ਹੋ ਗਿਆ। ਪਰ ਅਧਿਆਪਕ ਨੇ ਬੱਚਿਆਂ ਨੂੰ ਸਮਝਾਇਆ ਅਤੇ ਆਪਣੀ-ਆਪਣੀ ਥਾਂ ਬਿਠਾਇਆ ਅਧਿਆਪਕ ਨੇ ਕਿਹਾ-ਡਰੋ ਨਾ, ਇਹ ਕੁਝ ਨਹੀਂ ਕਹੇਗਾ ਪਿਆਰ ਦੀ ਭਾਸ਼ਾ ਜਾਨਵਰ ਵੀ ਸਮਝਦੇ ਹਨ ਸੋ ਨਾ ਡਰੋ ਨਾ ਡਰਾਉ

ਮੋਤੀ ਵੀ ਹੈਰਾਨ ਸੀ। ਬੱਚੂ ਪ੍ਰੇਸ਼ਾਨ ਸੀ ਅਧਿਆਪਕ ਨੇ ਕਿਹਾ ਕਿ ਡਰਿਆ ਹੋਇਆ ਕੁੱਤਾ ਹਮਲਾ ਕਰ ਸਕਦਾ ਹੈ, ਪਾਲਤੂ ਜਾਨਵਰ ਨੂੰ ਸਕੂਲ ਵਿੱਚ ਲਿਆਉਣ ਦੀ ਆਗਿਆ ਨਹੀਂ ਹੈ ਬੱਚੂ 'ਸੌਰੀ' ਕਹਿ ਕੇ ਮੋਤੀ ਨੂੰ ਘਰ ਛੱਡ ਆਇਆ ਸਾਰੇ ਬੱਚੇ ਖ਼ੁਸ਼ ਹੋ ਗਏ।

ਅਧਿਆਪਕ ਜਮਾਤ ਦੇ ਮਾਹੌਲ ਅਨੁਸਾਰ ਆਪਣੀ ਗੱਲਬਾਤ ਵਿੱਚ ਬੱਚਿਆਂ ਨੂੰ ਪੰਛੀਆਂ ਅਤੇ ਜਾਨਵਰਾਂ ਨਾਲ਼ ਸੰਬੰਧਤ ਕਹਾਣੀਆਂ ਦੀ ਕਿਸੇ ਪੁਸਤਕ ਬਾਰੇ ਜਾਣਕਾਰੀ ਦੇ ਸਕਦਾ ਹੈ।

**ਮੌਖਿਕ ਪ੍ਰਸ਼ਨ:** 1) ਆਪਣੇ ਕਿਸੇ ਪਾਲਤੂ ਜਾਨਵਰ ਬਾਰੇ ਜਾਣਕਾਰੀ ਦਿਉ।

2) ਪਾਲਤੂ ਜਾਨਵਰ ਦੀ ਦੇਖ-ਭਾਲ ਕਿਵੇਂ ਕਰਨੀ ਚਾਹੀਦੀ ਹੈ?

3) ਆਪਣੇ ਆਲ਼ੇ-ਦੁਆਲ਼ੇ ਦੇ ਪਾਲਤੂ ਜਾਨਵਰਾਂ ਦੀ ਸੂਚੀ ਬਣਾਉ।

## (ੲ) ਕਵਿਤਾ ਦੇ ਨਾਲ਼-ਨਾਲ਼

ਪਿਆਰੇ ਬੱਚਿਓ! ਪਿਛਲੇ ਹਫ਼ਤੇ ਮੈਂ ਤੁਹਾਨੂੰ ਕਹਾਣੀ ਸੁਣਾਈ ਸੀ। ਅੱਜ ਮੈਂ ਤੁਹਾਨੂੰ ਕਿਤਾਬਾਂ ਬਾਰੇ ਲਿਖੀ। ਇੱਕ ਕਵਿਤਾ ਸੁਣਾ ਰਿਹਾ ਹਾਂ। ਇਸ ਕਵਿਤਾ ਵਿੱਚ ਕਵੀ ਨੇ ਕਿਤਾਬਾਂ ਬਾਰੇ ਜਾਣਕਾਰੀ ਦਿੱਤੀ ਹੈ। ਇਸ ਕਵਿਤਾ ਵਿੱਚ ਕਵੀ ਚਾਰ ਉਹਨਾਂ ਕਿਤਾਬਾਂ ਬਾਰੇ ਦੱਸਦਾ ਹੈ। ਜੋ ਸਾਰਿਆਂ ਨੂੰ ਪੜ੍ਹਨੀਆਂ ਚਾਹੀਦੀਆਂ ਹਨ। ਕਵਿਤਾ ਮੈਂ ਪੜ੍ਹਾਂਗਾ, ਪਰ ਪੰਜ ਬੱਚੇ ਅੱਗੇ ਆਉਣਗੇ।

### ਚਾਰ ਕਿਤਾਬਾਂ



ਪਾਪਾ ਜੀ ਮੈਨੂੰ ਲੈ ਦਿਓ, ਬਸ ਚਾਰ ਕਿਤਾਬਾਂ
ਬੜਾ ਹੀ ਸਾਨੂੰ ਵੰਡਦੀਆਂ ਨੇ ਪਿਆਰ ਕਿਤਾਬਾਂ



ਇੱਕ ਕਿਤਾਬ ਜੀਹਦੇ ਵਿੱਚ ਸਤਿਕਾਰ ਸਿਖਾਇਆ,
ਕਰਨਾ ਇੱਕ-ਦੂਜੇ ਨੂੰ ਪਿਆਰ ਸਿਖਾਇਆ,
ਘਰ ਦਾ ਨੇ ਬਣ ਜਾਂਦੀਆਂ ਸ਼ਿੰਗਾਰ ਕਿਤਾਬਾਂ,
ਪਾਪਾ ਜੀ ਮੈਨੂੰ ਲੈ ਦਿਓ, ਬਸ ਚਾਰ ਕਿਤਾਬਾਂ



ਦੂਜੀ ਕਿਤਾਬ ਜੀਹਦੇ ਵਿੱਚ ਦੇਸ ਦੀ ਸੇਵਾ,
ਦੇਸ ਦੀ ਸੇਵਾ ਕਰੇ ਬਿਨਾਂ ਨਾ ਮਿਲ਼ਦਾ ਮੇਵਾ,
ਬਣਾ ਦੇਣ ਜੋ ਸਾਨੂੰ ਅਜੀਤ, ਜੁਝਾਰ ਕਿਤਾਬਾਂ
ਪਾਪਾ ਜੀ ਮੈਨੂੰ ਲੈ ਦਿਓ, ਬਸ ਚਾਰ ਕਿਤਾਬਾਂ



ਤੀਜੀ ਕਿਤਾਬ ਲਿਆ ਦੇਣੀ ਮਾਂ-ਬੋਲੀ ਬਾਰੇ,
ਦੇਵੇ ਵਧੀਆ ਗੁੜ੍ਹਤੀ ਸਾਡੀ ਟੋਲੀ ਬਾਰੇ,
ਪੜ੍ਹੇਗਾ ਮੇਰਾ ਮਿੱਤਰ ਵੀ ਅਵਤਾਰ ਕਿਤਾਬਾਂ,
ਪਾਪਾ ਜੀ ਮੈਨੂੰ ਲੈ ਦਿਓ, ਬਸ ਚਾਰ ਕਿਤਾਬਾਂ



ਚੌਥੀ ਇੱਕ ਕਿਤਾਬ ਹੋਵੇ ਹਰਿਆਲੀ ਬਾਰੇ,
ਰੰਗਾਂ ਬਾਰੇ, ਫੁੱਲਾਂ ਤੇ ਖ਼ੁਸ਼ਹਾਲੀ ਬਾਰੇ,
ਕਰਨ ਇਹ ਸੰਸਾਰ ਵਿੱਚ ਚਮਤਕਾਰ ਕਿਤਾਬਾਂ
ਪਾਪਾ ਜੀ ਮੈਨੂੰ ਲੈ ਦਿਓ, ਬਸ ਚਾਰ ਕਿਤਾਬਾਂ

## ਕਿਰਿਆ

ਹੇਠ ਲਿਖੀਆਂ ਸਤਰਾਂ ਪੜ੍ਹ ਕੇ ਖ਼ਾਲੀ ਥਾਂ ਲਈ ਢੁਕਵਾਂ ਸ਼ਬਦ ਚੁਣ ਕੇ ? (ਸਹੀ) ਦਾ ਨਿਸ਼ਾਨ ਲਗਾਓ :

1. ਪਾਪਾ ਜੀ ਮੈਨੂੰ ਲੈ ਦਿਓ, ਤੁਸੀਂ .............ਕਿਤਾਬਾਂ

| | | | |
|---|---|---|---|
| ਦੋ | ਪੰਜ | ਚਾਰ | ਤਿੰਨ |

2. ਬੜਾ ਹੀ ਸਾਨੂੰ ਵੰਡਦੀਆਂ ਇਹ .............ਕਿਤਾਬਾਂ

| | | | |
|---|---|---|---|
| ਪਿਆਰ | ਅਚਾਰ | ਅਨਾਰ | ਭਾਰ |

3. ਪੜ੍ਹੇਗਾ ਮੇਰਾ ਮਿੱਤਰ ਵੀ .............ਕਿਤਾਬਾਂ

| | | | |
|---|---|---|---|
| ਕਰਤਾਰ | ਅਵਤਾਰ | ਜਗਤਾਰ | ਸਰਦਾਰ |

4. ਕਰਨ ਇਹ ਸੰਸਾਰ ਵਿੱਚ .............ਕਿਤਾਬਾਂ

| | | | |
|---|---|---|---|
| ਕਲਾਕਾਰ | ਵਪਾਰ | ਸਰਕਾਰ | ਚਮਤਕਾਰ |

ਰੀਡਿੰਗ ਕਾਰਨਰ ਵਿੱਚੋਂ ਲੈ ਕੇ ਪੜ੍ਹੀ ਕਿਸੇ ਪੁਸਤਕ ਬਾਰੇ ਆਪਣੇ ਵਿਚਾਰ ਕੁੱਝ ਸਤਰਾਂ ਵਿੱਚ ਲਿਖ ਕੇ ਪ੍ਰਗਟ ਕਰੋ।

## ਮੌਖਿਕ ਪ੍ਰਸ਼ਨ

1) 'ਰੀਡਿੰਗ-ਕਾਰਨਰ' 'ਚੋਂ ਚਾਰ ਕਿਤਾਬਾਂ ਦੇ ਨਾਂ ਦੱਸੋ।

2) ਆਪਣੀ ਮਨਪਸੰਦ ਕਵਿਤਾ ਦਾ ਨਾਂ ਦੱਸੋ।

ਬਾਲ-ਸਭਾ ਲਈ ਦੇਸ-ਪਿਆਰ ਵਾਲ਼ੀ ਕੋਈ ਕਵਿਤਾ ਲੱਭ ਕੇ ਲਿਆਓ।